ੴ ਸਤਿਗੁਰ ਪ੍ਰਸਾਦਿ ॥

# ਗੁਰਮਤਿ
ੴ
# ਅਨਮੋਲ ਰਤਨ




ਲੇਖਕ : ਸੂਬੇਦਾਰ ਧਰਮ ਸਿੰਘ ਸੁੱਜੋਂ

# ਗੁਰਮਤਿ ਅਨਮੋਲ ਰਤਨ

ਸੂਬੇਦਾਰ ਸ: ਧਰਮ ਸਿੰਘ ਸੁਜੋਂ ਦੀ ਇਹ ਛੋਟੀ ਜਿਹੀ ਦੂਜੀ ਕਿਤਾਬ ਹੈ । ਸ: ਧਰਮ ਸਿੰਘ ਜੀ ਸਾਡੇ ਬੜੇ ਸਤਿਕਾਰਯੋਗ ਲੇਖਕ ਹਨ, ਧਾਰਮਿਕ ਫਲਸਫੇ ਬਾਰੇ ਉਨ੍ਹਾਂ ਦੇ ਲੇਖ ਪੰਜਾਬ ਟਾਈਮਜ਼ ਵਿਚ ਪਿਛਲੇ ਕਈ ਸਾਲਾਂ ਤੋਂ ਛਪਦੇ ਆ ਰਹੇ ਹਨ । ਉਨ੍ਹਾਂ ਦੀ ਇਕ ਕਿਤਾਬ 'ਗੁਰਬਾਣੀ ਅਤੇ ਸਾਇੰਸ ਦੀ ਰੌਸ਼ਨੀ ਵਿਚ ਅਕਾਲ ਪੁਰਖ' ਵੀ ਪੰਜਾਬ ਟਾਈਮਜ਼ ਵੱਲੋਂ ਛਾਪੀ ਗਈ ਸੀ । ਜਿਸ ਤੋਂ ਬਹੁਤ ਸਾਰੇ ਗੁਰਸਿੱਖਾਂ ਅਤੇ ਆਮ ਪਾਠਕਾਂ ਨੇ ਕਾਫ਼ੀ ਲਾਭ ਪ੍ਰਾਪਤ ਕੀਤਾ । ਬੇਸ਼ੱਕ ਸ: ਸੁਜੋਂ ਸਾਹਿਬ ਦੀ ਕਾਫ਼ੀ ਆਯੂ ਹੋ ਚੁੱਕੀ ਹੈ, ਉਹ ਫੇਰ ਵੀ ਹਿੰਮਤ ਅਤੇ ਹੌਸਲੇ ਨਾਲ ਇਸ ਕਾਜ ਨੂੰ ਕਰਦੇ ਆ ਰਹੇ ਹਨ । ਇਸ ਹਥਲੇ ਕਿਤਾਬਚੇ ਵਿਚ ਉਨ੍ਹਾਂ ਦੇ ਤਿੰਨ ਲੇਖ ਹਨ, ਸਾਨੂੰ ਉਮੀਦ ਹੈ ਸਿੱਖ ਸੰਗਤਾਂ ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਲਾਹਾ ਲੈਣਗੀਆਂ ।

ਇਹ ਕਿਤਾਬ ਹਰ ਸਿੱਖ ਦੇ ਘਰ ਵਿਚ ਜਾਣੀ ਚਾਹੀਦੀ ਹੈ । ਤੁਸੀਂ ਇਹ ਕਿਤਾਬ ਆਪਣੇ ਕਿਸੇ ਸਾਕ ਸਬੰਧੀ, ਰਿਸ਼ਤੇਦਾਰ ਜਾਂ ਸੱਜਣ ਮਿੱਤਰ ਨੂੰ ਤੋਹਫ਼ੇ ਵਜੋਂ ਵੀ ਦੇ ਸਕਦੇ ਹੋ । ਸਾਨੂੰ ਵੱਧ ਤੋਂ ਵੱਧ ਚੰਗੀਆਂ ਕਿਤਾਬਾਂ ਪੜ੍ਹਨ ਦਾ ਰੁਝਾਨ ਪੈਦਾ ਕਰਨਾ ਚਾਹੀਦਾ ਹੈ । ਜਿਵੇਂ ਕਹਿੰਦੇ ਹਨ ਕਿ ਕਿਤਾਬਾਂ ਹੀ ਇਨਸਾਨ ਦੀਆਂ ਅਸਲੀ ਮਿੱਤਰ ਹੁੰਦੀਆਂ ਹਨ । ਹੋਰ ਦੋਸਤ ਮਿੱਤਰ ਤੇ ਰਿਸ਼ਤੇਦਾਰ ਤਾਂ ਕਈ ਵਾਰੀ ਔਖੇ ਸਮੇਂ ਮਨੁੱਖ ਦਾ ਸਾਥ ਛੱਡ ਦਿੰਦੇ ਹਨ, ਪਰ ਕਿਤਾਬਾਂ ਉਸ ਔਖ ਦੀ ਘੜੀ ਵਿਚ ਵੀ ਸਾਨੂੰ ਸਹੀ ਸੇਧ ਦੇ ਕੇ ਜੀਵਨ ਦੇ ਸਿੱਧੇ ਰਸਤੇ ਵੱਲ ਤੋਰਦੀਆਂ ਹਨ । ਸੋ ਗੁਰਮਤਿ ਫਲਸਫੇ ਨੂੰ ਸਮਝਣ ਅਤੇ ਗੁਰਬਾਣੀ ਦੇ ਗੁੱਝੇ ਭੇਦਾਂ ਨੂੰ ਜਾਨਣ ਲਈ ਸ: ਸੁਜੋਂ ਸਾਹਿਬ ਦੀਆਂ ਇਹ ਕਿਤਾਬਾਂ ਬੜੀਆਂ ਸਹਾਈ ਸਿੱਧ ਹੋਣਗੀਆਂ ।

ਸ: ਰਾਜਿੰਦਰ ਸਿੰਘ ਪੁਰੇਵਾਲ



**GURMAT ANMOL RATAN :** Religious articles

*Author : Subedar Dharam Singh Sujon*

# ਗੁਰਮਤਿ ਅਨਮੋਲ ਰਤਨ

ਲੇਖਕ - ਸੂਬੇਦਾਰ ਸ: ਧਰਮ ਸਿੰਘ ਸੁਜੋਂ

© Reserved by Panajab Times

First Edition - 5000
July 2005
Price : £1.25

Published & Printed by:
PUNJAB TIMES,
24 Cotton Brook Road,
Derby, DE23 8YJ (UK)
TEL: 01332-372851
FAX: 01332-372833
www.panjabtimes.com
e-mail:panjabtimes@aol.com

# ਤਤਕਰਾ


| ਲੇਖ | ਪੰਨਾ |
|---|---|
| ਸੱਚੇ ਗੁਰਦੇਵ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ .............. | 5 |
| ਅੰਮ੍ਰਿਤ ਪਾਨ ਦੀ ਲੋੜ ਕਿਉਂ ? ........................ | 15 |
| ਬਾਬਾ ਮਾਇਆ ਭਰਮ ਭੁਲਾਏ ........................... | 37 |


ਲੇਖਕ ਦੀਆਂ ਹੋਰ ਕਿਤਾਬਾਂ-

* ਗੁਰਬਾਣੀ ਅਤੇ ਸਾਇੰਸ ਦੀ ਰੋਸ਼ਨੀ ਵਿਚ ਅਕਾਲ ਪੁਰਖ (ਪੰਜਾਬੀ ਅਤੇ ਅੰਗਰੇਜ਼ੀ)


* ਭੁੱਲੇ, ਵਿਸਰੇ ਗੁਰਮਤਿ ਸਿਧਾਂਤ (ਤਿਆਰੀ ਅਧੀਨ)

# ਦੋ ਸ਼ਬਦ

ਸੂਬੇਦਾਰ ਧਰਮ ਸਿੰਘ ਜੀ (ਰਿਟਾਇਰਡ) ਧੰਨਤਾ ਦੇ ਯੋਗ ਹੈ, ਜਿਨ੍ਹਾਂ ਨੇ ਬੜੀ ਮਿਹਨਤ ਅਤੇ ਲਗਨ ਨਾਲ ਗੁਰਮਤਿ ਦੇ ਕਈ ਗੁੜ੍ਹੇ ਤੇ ਮੁਸ਼ਕਲ ਵਿਸ਼ਿਆਂ 'ਤੇ ਲਿਖਣ ਦਾ ਸਫ਼ਲ ਯਤਨ ਕੀਤਾ ਹੈ। ਦਾਸ ਨੂੰ ਜਿਥੇ ਭਾਈ ਧਰਮ ਸਿੰਘ ਦਾ ਨਿੱਜੀ ਨਿਮਾਣਾ ਸਾਥੀ ਹੋਣ ਦਾ ਮਾਣ ਹੈ, ਉਥੇ ਭਾਈ ਸਾਹਿਬ ਦੀਆਂ ਲਿਖਤਾਂ ਨੂੰ ਬੜੇ ਧਿਆਨ ਨਾਲ ਪੜ੍ਹਨ ਤੇ ਘੋਖਣ ਦਾ ਸਮਾਂ ਵੀ ਮਿਲਿਆ ਹੈ। ਸ਼ਾਇਦ ਅਤਿਕਥਨੀ ਨਾ ਹੋਵੇ ਜੇਕਰ ਆਖਾਂ ਕਿ ਭਾਈ ਸਾਹਿਬ ਦੀਆਂ ਲਿਖਤਾਂ ਦਾ ਪ੍ਰਸ਼ੰਸਕ ਹਾਂ। ਚੰਗਾ ਲੇਖਕ ਹੋਣਾ, ਧੜੱਲੇਦਾਰ ਤਕਰੀਰਾਂ ਕਰਨ ਵਾਲਾ ਹੋਣਾ, ਮਿੱਠੀ ਜ਼ੁਬਾਨ ਅਤੇ ਸੁਰੀਲਾ ਰਾਗ ਅਲਾਪਣ ਵਾਲਾ ਹੋਣਾ ਜਾਂ ਸ਼ਬਦ ਕੀਰਤਨ ਕਰਨ ਵਾਲਾ ਆਦਿ ਅਕਾਲ ਪੁਰਖ ਵਲੋਂ ਬਖਸ਼ਿਸ਼ ਹੋਈ ਮੈਂ ਸਮਝਦਾ ਹਾਂ। ਪ੍ਰੰਤੂ ਅੰਦਰੋਂ ਬਾਹਰੋਂ ਇਕ ਸੁਰ ਹੋਕੇ ਉਪਰਲੇ ਕਾਰਜਾਂ ਵਿੱਚੋਂ ਇਕ ਤੇ ਚਲਣਾ ਕਿਸੇ ਵਿਰਲੇ ਦੇ ਹਿੱਸੇ ਆਉਂਦਾ ਹੈ। ਭਾਈ ਧਰਮ ਸਿੰਘ ਜੀ ਨੇ ਗੁਰਮਤਿ ਸਿਧਾਂਤ ਬਾਰੇ ਜੋ ਅੰਦਰੋਂ ਮਹਿਸੂਸ ਕੀਤਾ ਨਿਧੜਕ ਹੋਕੇ ਕਾਗਜ ਦੀ ਹਿੱਕ 'ਤੇ ਲਿਖ ਮਾਰਿਆ। ਕਈਆਂ ਨੇ ਸ਼ੰਕਾਵਾਂ ਦਾ ਪਹਾੜ ਵੀ ਖੜ੍ਹਾ ਕਰਨ ਦਾ ਯਤਨ ਕੀਤਾ। ਪ੍ਰੰਤੂ ਭਾਈ ਧਰਮ ਸਿੰਘ ਜੀ ਅਡੋਲ ਲਿਖਦੇ ਰਹੇ ਤੇ ਲਿਖਦੇ ਜਾ ਰਹੇ ਹਨ। ਭਾਵੇਂ ਉਹਨਾਂ ਦੀ ਸਿਹਤ ਬੁਢਾਪੇ ਕਾਰਨ ਹੋਰ ਭਾਰ ਚੁੱਕਣ ਦੇ ਅਨੁਕੂਲ ਨਹੀਂ ਜਾਪਦੀ ਪਰ "ਗੁਰਮੁਖ ਬੁੱਢੇ ਕਦੇ ਨਾਹੀਂ ਜਿਨਾ ਅੰਦਰ ਸੁਰਤਿ ਗਿਆਨ।" ਦੀ ਸਚਾਈ ਪੂਰੀ ਢੁਕਦੀ ਹੈ। ਭਾਈ ਗੁਰਦਾਸ ਜੀ ਅਤੇ ਬ੍ਰਹਮ ਗਿਆਨੀ ਭਾਈ ਸਾਹਿਬ ਰਣਧੀਰ ਸਿੰਘ ਜੀ (ਨਾਰੰਗਵਾਲ) ਵੀਹਵੀਂ ਸਦੀ ਦੇ ਮਹਾਨ ਤਪਸਵੀ ਅਤੇ ਗੁਰਬਾਣੀ ਦੇ ਮਹਾਨ ਵਿਆਖਿਆਕਾਰ ਹੋਏ ਹਨ। ਭਾਈ ਧਰਮ ਸਿੰਘ ਦੇ ਲੇਖਾਂ ਵਿੱਚ ਭਾਈ ਗੁਰਦਾਸ ਜੀ ਤੇ ਭਾਈ ਰਣਧੀਰ ਸਿੰਘ ਦੀਆਂ ਲਿਖਤਾਂ ਦੇ ਹਵਾਲੇ ਆਮ ਮਿਲਦੇ ਹਨ। ਸੱਚੀ ਗੱਲ ਤਾਂ ਇਹ ਹੈ ਭਾਈ ਧਰਮ ਸਿੰਘ ਜੀ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਢੰਗ ਨੂੰ ਗੁਰਮਤੀ ਲੀਹਾਂ 'ਤੇ ਚਲਦਿਆਂ ਪਰਪੱਕ ਹੋਕੇ ਨਿਭਾ ਰਹੇ ਹਨ। ਹਥਲਾ ਲੇਖਾਂ ਦਾ ਸੰਗ੍ਰਹਿ ਪਾਠਕਾਂ ਦੇ ਹੱਥ ਵਿੱਚ ਆਉਣ ਤੋਂ ਪਹਿਲਾਂ ਭਾਈ ਧਰਮ ਸਿੰਘ ਨੇ ਗੁਰਬਾਣੀ ਅਤੇ ਸਾਇੰਸ ਪੁਸਤਕ ਵਿੱਚ ਗੁਰਮਤਿ ਬਾਰੇ ਬਹੁਤ ਵਿਸਥਾਰ ਨਾਲ ਲਿਖਿਆ ਹੈ। ਗੁਰੂ ਪਿਆਰਿਆਂ ਨੇ ਇਸ ਪੁਸਤਕ ਨੂੰ ਬਹੁਤ ਪਸੰਦ ਕੀਤਾ ਤੇ ਇਨ੍ਹਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਇਸ ਕਿਤਾਬ ਦਾ ਇੰਗਲਿਸ਼ ਵਿੱਚ ਅਨੁਵਾਦ ਭਾਈ ਜਸਪਿੰਦਰ ਸਿੰਘ **SQN. LDR. (RETD)** ਨੇ ਬੜੇ ਸੋਹਣੇ ਢੰਗ ਨਾਲ ਕਰਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਅਖੰਡ ਕੀਰਤਨੀ ਜਥਾ ਕੈਨੇਡਾ ਵਾਲਿਆਂ ਨੇ ਕਈ ਹਜ਼ਾਰ ਕਿਤਾਬਾਂ ਛਾਪ ਕੇ ਮੁਫ਼ਤ ਵੰਡਣ ਦਾ ਯਤਨ ਕੀਤਾ ਹੈ। ਭਾਈ ਧਰਮ ਸਿੰਘ, ਭਾਈ ਜਸਪਿੰਦਰ ਸਿੰਘ ਅਤੇ ਅਖੰਡ ਕੀਰਤਨੀ ਜਥਾ ਕੈਨੇਡਾ ਦਾ ਇਹ ਯਤਨ ਬਹੁਤ ਸ਼ਲਾਘਾਯੋਗ ਹੈ। ਵਾਹਿਗੁਰੂ ਇਹਨਾਂ ਵੀਰਾਂ ਦੀ ਸੇਵਾ ਥਾਇ ਪਾਵੇ। ਭਾਈ ਧਰਮ ਸਿੰਘ ਨੇ ਹਥਲੇ ਕਿਤਾਬਚੇ ਵਿੱਚ ਪਾਖੰਡੀ ਸਾਧਾਂ ਸੰਤਾਂ ਤੇ ਪਾਖੰਡੀ ਬਾਬਿਆਂ ਦਾ ਵੀ ਜ਼ਿਕਰ ਕੀਤਾ ਹੈ। ਪ੍ਰੰਤੂ ਇਕ ਹੋਰ ਵੱਡੇ ਖਤਰੇ ਤੋਂ ਆਗਾਹ ਕਰਨ ਤੋਂ ਚੁੱਕ ਗਏ। ਮਾਰਚ 2005 ਵਿੱਚ ਦਾਸ ਆਪਣੀ ਸਿੰਘਣੀ ਨਾਲ ਭਾਰਤ ਵਿੱਚ ਪੰਜਾਂ ਤਖਤਾਂ ਅਤੇ ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕੀਤੇ ਅਤੇ ਮਹਿਸੂਸ ਕੀਤਾ ਕਾਰ ਸੇਵਾ ਵਾਲੇ ਬਾਬੇ ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਤੇ ਬਹੁਤ ਸ਼ਕਤੀਸ਼ਾਲੀ ਪ੍ਰਬੰਧਕਾਂ ਦੇ ਰੂਪ ਵਿੱਚ ਪੱਕੇ ਹੋ ਚੁੱਕੇ ਹਨ। ਇਨ੍ਹਾਂ ਬਾਬਿਆਂ ਨੇ ਬਹੁਤ ਵੱਡੀਆਂ ਸੁੰਦਰ ਇਮਾਰਤਾਂ ਬਣਾ ਕੇ ਜਿਥੇ ਜੱਸ ਖੱਟਿਆ ਹੈ ਉਥੇ ਸਿਖੀ ਵਿਰਾਸਤ ਨੂੰ ਮਲੀਆਮੇਟ ਕਰਨ ਵਿੱਚ ਕਸਰ ਨਹੀਂ ਛੱਡੀ। ਇਹ ਬਹੁਤ ਵੱਡਾ ਗੁਨਾਹ ਬਾਬੇ ਕਰ ਰਹੇ ਹਨ ਜਾਂ ਆਖੋ ਕੌਮ ਦੇ ਜੜ੍ਹੀਂ ਤੇਲ ਦੇ ਰਹੇ ਹਨ। ਪ੍ਰੰਤੂ ਸਿੱਖ ਕੌਮ ਸੁੱਤੀ ਪਈ ਹੈ ਬਲਕਿ ਅਗਿਆਨਤਾ ਕਾਰਨ ਇਹਨਾਂ ਬਾਬਿਆਂ

ਦੀ ਚੜ੍ਹਤ ਨੂੰ ਹੋਰ ਪੱਕਿਆਂ ਕਰਨ ਵਿੱਚ ਸਹਾਈ ਹੋ ਰਹੀ ਹੈ। ਦਾਸ ਨੂੰ ਪੱਕਾ ਯਕੀਨ ਹੈ ਕਿ ਇਹ ਬਾਬੇ ਜਾਂ ਇਨ੍ਹਾਂ ਦੇ ਅਨੁਆਈ ਬਾਬੇ ਇਕ ਦਿਨ ਕੁਕਰਮੀ ਮਹੰਤਾਂ ਦਾ ਰੂਪ ਜ਼ਰੂਰ ਧਾਰਨ ਕਰਨਗੇ । ਪਰ ਉਸ ਸਮੇਂ ਵਕਤ ਬਹੁਤ ਅੱਗੇ ਲੰਘ ਚੁੱਕਿਆ ਹੋਵੇਗਾ ।

ਐੱਸ·ਜੀ·ਪੀ·ਸੀ· ਅੰਮ੍ਰਿਤਸਰ, (**ASR**) ਪੰਜਾਂ ਤਖਤਾਂ ਦੇ ਜਥੇਦਾਰ, ਸੰਤ ਸਮਾਜ ਅਤੇ ਹੋਰ ਜਥੇਬੰਦੀਆਂ ਸਿਆਸੀ ਖੇਲ ਖੇਲਣ ਵਿੱਚ ਮਸਰੂਫ਼ ਹਨ । ਗੁਰੂ ਖਾਲਸੇ ਨੂੰ ਸੁਚੇਤ ਹੋਣ ਦੀ ਲੋੜ ਹੈ। ਗੁਰਮਤੀ ਸੇਧਾਂ 'ਤੇ ਚੱਲਣ ਵਾਲੇ ਚਿੰਤਕਾਂ ਪ੍ਰਤੀ ਅਪੀਲ ਹੈ ਕਿ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਬਾਰੇ ਨਿਰਪੱਖ ਤੇ ਨਿਧੱੜਕ ਹੋ ਕੇ ਲਿਖਣ। ਸਿੱਖ ਪੰਥ ਨੂੰ ਖਤਮ ਕਰਨ ਲਈ ਬਾਹਰਲੀਆਂ ਐਂਟੀ ਸਿੱਖ ਸੰਸਥਾਵਾਂ ਸਿੱਖ ਧਰਮ ਨੂੰ ਖਤਮ ਕਰਨ ਦਾ ਪੂਰਾ ਜ਼ੋਰ ਲਾ ਰਹੀਆਂ ਹਨ । ਸਾਨੂੰ ਸਭ ਨੂੰ ਸੁਚੇਤ ਹੋ ਕੇ ਹੱਲਾ ਮਾਰਨ ਦੀ ਲੋੜ ਹੈ। ਭਾਈ ਧਰਮ ਸਿੰਘ ਨੂੰ ਸੱਚੇ ਪਾਤਸ਼ਾਹ ਸੇਵਾ ਕਰਨ ਦਾ ਹੋਰ ਵੀ ਬਲ ਬਖਸ਼ਣ –ਸਾਡੀ ਅਰਦਾਸ ਹੈ।



**ਦਾਸਰਾ– ਮਦਨ ਸਿੰਘ ।**

** * **

# ਸ: ਧਰਮ ਸਿੰਘ ਸੁਜੋਂ

ਭਾਈ ਸਾਹਿਬ ਸੂਬੇਦਾਰ ਧਰਮ ਸਿੰਘ ਜੀ ਉੱਚ-ਕੋਟੀ ਦੇ ਸੱਚੇ-ਸੁੱਚੇ ਗੁਰਸਿੱਖ ਖੋਜੀ ਅਤੇ ਵਿਦਵਾਨ ਹਨ । ਸਿੱਖ ਧਰਮ ਵਿੱਚ ਸ਼ਰਧਾ (**faith**) ਅਤੇ ਵਿਚਾਰ (**reason**) ਦਾ ਸੁਮੇਲ ਹੈ। ਸ਼ਾਇਦ ਇਸ ਪੱਖੋਂ ਵੀ ਸਿੱਖ ਧਰਮ ਨਿਆਰਾ ਹੈ।

*"ਗਿਆਨ ਖੜਗਿ ਲੈ ਮਨ ਸਿਉ ਲੂਝੈ ॥"*

ਅਤੇ


*"ਅਕਲੀ ਸਹਿਬ ਸੇਵੀਐ ਅਕਲੀ ਪਾਈਐ ਮਾਨ ॥*
*ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥"*

ਗਿਆਨ ਉਹ ਜੋ ਗੁਰੂ ਤੋਂ ਮਿਲੇ; ਆਪਣੇ ਸਤਿਗੁਰੂ ਵਿੱਚ ਪੂਰਨ ਸ਼ਰਧਾ ਤੋਂ ਬਿਨਾਂ ਗਿਆਨ ਨਹੀਂ ਮਿਲ ਸਕਦਾ । ਨਹੀਂ ਤਾਂ

*"ਸਹਸ ਸਿਆਣਪਾ ਲਖ ਹੋਹਿ ਤ ਇਕ ਨਾ ਚਲੈ ਨਾਲਿ ॥"*

ਭਾਈ ਸਾਹਿਬ ਖ਼ੁਦ "ਅਕਲੀ ਪੜ੍ਹਿ ਕੈ ਬੁਝੀਐ" ਗੁਰਮਤਿ ਅਨੁਸਾਰ "ਅਕਲੀ ਕੀਚੈ ਦਾਨੁ" ਕਰ ਰਹੇ ਹਨ । ਜਿਵੇਂ ਕਿ ਪਹਿਲੋਂ "ਗੁਰਬਾਣੀ ਅਤੇ ਸਾਇੰਸ ਦੀ ਰੋਸ਼ਨੀ ਵਿੱਚ ਅਕਾਲ ਪੁਰਖ" ਲੇਖ ਸੰਗ੍ਰਹਿ ਪੁਸਤਕ ਸੰਗਤਾਂ ਦੀ ਭੇਟ ਕਰ ਚੁੱਕੇ ਹਨ। ਆਪ ਜੀ ਦੀ ਆਗਿਆ ਅਨੁਸਾਰ ਅੰਗਰੇਜ਼ੀ ਵਿੱਚ ਇਸ ਪੁਸਤਕ ਸਬੰਧੀ ਇਕ ਸਾਰੰਸ਼ ਲੇਖ ਦਾਸ ਵਲੋਂ ਛਪ ਚੁੱਕਿਆ ਹੈ ਅਤੇ ਪੁਸਤਕ ਦਾ ਅੰਗਰੇਜ਼ੀ ਵਿੱਚ ਤਰਜਮਾ ਵੀ ਕੈਨੇਡਾ ਨਿਵਾਸੀ ਸ: ਜਸਪਿੰਦਰ ਸਿੰਘ ਜੀ ਕਰ ਚੁੱਕੇ ਹਨ ।

ਭਾਈ ਸਾਹਿਬ ਦੇ ਲੇਖ ਸ਼ਰਧਾ ਅਤੇ ਸਾਇੰਸ ਪੱਖੋਂ ਅੱਜ ਦੀ ਨੌਜਵਾਨ ਪੀੜ੍ਹੀ ਲਈ ਅਤਿਅੰਤ ਜ਼ਰੂਰੀ ਹਨ ਅਤੇ ਸਿੱਖ ਪ੍ਰਚਾਰ ਵਿੱਚ ਇਕ ਘਾਟ ਨੂੰ ਪੂਰਾ ਕਰ ਰਹੇ ਹਨ । ਗੁਰਬਾਣੀ ਸਿਧਾਂਤ ਅਤੇ ਸਾਇੰਸ ਦਾ ਅੱਜ ਦੇ ਯੁੱਗ ਨਾਲ ਗੂੜ੍ਹਾ ਸਬੰਧ ਹੈ। ਭਾਈ ਸਾਹਿਬ ਦੇ ਖੋਜ ਭਰਪੂਰ ਲੇਖ ਪੜ੍ਹਨ ਸਮੇਂ ਜ਼ਰੂਰੀ ਨੁਕਤਾ ਇਹ ਹੈ ਕਿ ਇਕ ਖੋਜੀ ਵਿਦਵਾਨ ਦਾ ਸਤਿਕਾਰ ਉਸ ਦੀ ਖੋਜ ਨੂੰ ਸਮਝ ਕੇ, ਵਿਚਾਰ ਕੇ ਪੜ੍ਹਨ ਨਾਲ ਹੀ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਸੁਲਝੇ ਪਾਠਕ ਕਿਸੇ ਵਿਦਵਾਨ ਦੇ ਹਰ ਵਿਚਾਰ ਨਾਲ ਸਹਿਮਤ ਹੋਣ । ਜ਼ਰੂਰੀ ਇਹ ਹੈ ਕਿ ਭਾਈ ਸਾਹਿਬ ਦੀ ਪੱਧਰ ਦੇ ਵਿਦਵਾਨ ਗੁਰਸਿੱਖਾਂ ਦੇ ਅਨੁਭਵ-ਪ੍ਰਕਾਸ਼ੀ ਗੁਰਬਾਣੀ ਅਨੁਵਾਦ ਨੂੰ ਮਨ ਨੀਵਾਂ ਅਤੇ ਮੱਤ ਉੱਚੀ ਰੱਖ, ਨਿਮਰਤਾ ਸਹਿਤ ਪੜ੍ਹਨ ਅਤੇ ਸਮਝਣ ਅਤੇ ਆਪਣੀ ਗੁਰਮਤਿ ਸੋਚ ਅਨੁਸਾਰ ਲੋੜੀਂਦੇ ਸੁੱਚੇ ਮੋਤੀ ਚੁਗ ਲੈਣ ।



*ਦਾਸਰਾ*
*ਗੁਰਮੁਖ ਸਿੰਘ*
*(ਪ੍ਰਿੰ: ਯੂ· ਕੇ· ਸਿਵਲ ਸਰਵਿਸ ਰਿਟ:) ।*
***E-mail: sewauk2004@hotmail.com***

** * **

# ਮੁੱਖ ਬੰਦ

ਦਾਸ ਦੇ ਦਿਮਾਗ ਵਿਚ, ਹੇਠ ਲਿਖੇ ਕੁਝ ਸਵਾਲ ਬਹੁਤ ਦੇਰ ਤੋਂ ਚੱਕਰ ਕੱਟ ਰਹੇ ਸਨ ਪਰ ਇਨ੍ਹਾਂ ਸਵਾਲਾਂ ਦੇ ਉਤਰ ਦਾਸ, ਆਮ ਸੰਗਤਾਂ ਨਾਲ ਸਾਂਝੇ ਕਰਨ ਤੋਂ, ਇਸ ਖ਼ਿਆਲ ਨਾਲ ਸੰਕੋਚ ਕਰਦਾ ਰਿਹਾ ਕਿ ਚੂੰਕਿ ਇਨ੍ਹਾਂ ਸਵਾਲਾਂ ਦੇ ਉਤਰ ਕੁਝ ਜ਼ਿਆਦਾ ਸੂਖਸ਼ਮ ਜਾਂ ਗਹਿਰੇ ਜਿਹੇ ਹਨ, ਜੋ, ਕੁਝ ਸੱਜਣਾਂ ਨੂੰ ਛੱਡ ਕੇ, ਆਮ ਸੰਗਤਾਂ ਦੀ ਸਮਝ ਵਿਚ ਆਉਣੇ ਕੁਝ ਮੁਸ਼ਕਿਲ ਜਿਹੇ ਹਨ। ਜਦੋਂ ਕੋਈ ਵਿਚਾਰ ਕਿਸੀ ਦੀ ਸਮਝ ਵਿਚ ਨਹੀਂ ਆਉਂਦਾ ਤਾਂ ਕੋਈ ਕੋਈ ਸੱਜਣ, ਲੇਖ ਦੇ ਲੇਖਕ ਨੂੰ ਹੀ ਬੁਰਾ ਭਲਾ ਆਖ ਕੇ, ਆਪਣੇ ਮਨ ਨੂੰ ਸੰਤੁਸ਼ਟ ਕਰ ਲੈਂਦਾ ਹੈ। ਸੋ ਦਾਸ ਆਪਣੇ ਹੀ ਵੀਰਾਂ ਭੈਣਾਂ ਤੋਂ ਖੱਟੀਆਂ ਮਿੱਠੀਆਂ ਸੁਨਣੇ ਦੇ ਡਰ ਤੋਂ, ਆਪਣੇ ਵਿਚਾਰਾਂ ਨੂੰ ਆਪਣੇ ਹੀ ਮਨ ਵਿਚ ਦਬਾਈ ਬੈਠਾ ਚਲਿਆ ਆ ਰਿਹਾ ਸੀ। ਪਰ ਹੈ ਸੀ ਇਹ, ਦਾਸ ਦੇ ਆਪਣੇ ਹੀ ਮਨ ਦੀ ਇਕ ਕਮਜ਼ੋਰੀ, ਜਿਸ ਨੂੰ ਮੰਨ ਲੈਣ ਵਿਚ ਦਾਸ ਨੂੰ ਕੋਈ ਸੰਕੋਚ ਨਹੀਂ ਹੈ। ਦਾਸ ਦੀ ਅੰਤਰ ਆਤਮਾ ਤੋਂ ਇਕ 'ਹੂਕ' ਜਿਹੀ ਉਠ ਰਹੀ ਸੀ ਕਿ ਤੈਨੂੰ (ਦਾਸ ਨੂੰ) ਆਪਣੇ ਵਿਚਾਰ, ਸੰਗਤਾਂ ਨਾਲ ਸਾਂਝੇ ਕਰਨੇ ਵਿਚ ਸੰਕੋਚ ਨਹੀਂ ਕਰਨਾ ਚਾਹੀਦਾ। ਦਾਸ ਆਪਣੀ ਅੰਤਰ ਆਤਮਾ ਦੀ ਆਵਾਜ਼ ਤੇ ਫੁੱਲ ਚੜ੍ਹਾਉਂਦਾ ਹੋਇਆ, ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨੇ ਦੀ ਖ਼ੁਸ਼ੀ ਲੈ ਰਿਹਾ ਹੈ, ਉਹ ਤਿੰਨ ਸਵਾਲ ਕੁਝ ਇਸ ਪ੍ਰਕਾਰ ਹਨ –

(1) ਜਦੋਂ 'ਬਾਣੀ ਗੁਰੂ, ਗੁਰੂ ਹੈ ਬਾਣੀ' ਬਾਣੀ ਸ਼ੁਰੂ ਤੋਂ ਹੀ 'ਗੁਰੂ ਸਰੂਪ' ਹੈ ਤਾਂ ਬਾਣੀ ਦੇ ਸਮੂਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਸੱਚੇ ਗੁਰੂ ਦੇਵ' ਜਾਂ 'ਸਤਿਗੁਰੂ' ਆਖਣ ਦਾ ਕਿਆ ਭਾਵ ਹੋਇਆ ? ਇਸ ਦਾ ਉਤਰ ਅੱਗੇ ਇਕ ਲੇਖ ਦੀ ਸ਼ਕਲ ਵਿਚ ਦਰਜ ਹੈ।

(2) ਪੰਥ ਦੇ ਇਕ ਪ੍ਰਸਿੱਧ ਕਥਾਕਾਰ ਵੀਰ ਜੀ ਦਾ ਕਹਿਣਾ ਹੈ ਕਿ 'ਅੰਮ੍ਰਿਤਪਾਨ ਕਰਨਾ ਬੱਚੇ ਦੇ ਸਕੂਲ ਦਾਖਲੇ ਤੁਲ, ਸਿੱਖ ਧਰਮ ਵਿਚ ਪ੍ਰਵੇਸ਼ ਕਰਨੇ ਦੀ ਇਕ ਰਸਮ ਹੈ।' ਇਕ ਹੋਰ ਵੀਰ ਜੀ ਦਾ ਇਕ ਲੇਖ 'ਸੂਰਾ' ਮਾਸਕ ਪੱਤਰ ਦੇ ਅੰਕ ਅਗਸਤ 1997 ਵਿਚ ਛਪਿਆ ਸੀ ਜਿਸ ਵਿਚ ਲਿਖਿਆ ਸੀ ਕਿ 'ਅੰਮ੍ਰਿਤਪਾਨ ਕਰਨਾ, ਕੇਵਲ ਸੰਜਮ ਵਾਲਾ ਜੀਵਨ ਜੀਉਣ ਲਈ ਪ੍ਰਣ ਕਰਨਾ ਹੈ। ਬੱਸ !' ਦਾਸ ਇਨ੍ਹਾਂ ਦੋਨਾਂ ਵੀਰਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੈ। ਅਕਾਲ ਪੁਰਖ ਦਾ ਮਿਲਾਪ ਹਾਸਲ ਕਰ, ਅਕਾਲ ਪੁਰਖ ਵਿਚ ਲੀਨ ਹੋਣੇ ਲਈ, ਅੰਮ੍ਰਿਤਪਾਨ ਕਰਨਾ ਇਕ ਲਾਜ਼ਮੀ ਸ਼ਰਤ ਹੈ। ਜ਼ਰੂਰਤ ਹੈ। ਲੋੜ ਹੈ। ਅੰਮ੍ਰਿਤਪਾਨ ਕਰਨੇ ਤੋਂ ਬਗੈਰ, ਅਕਾਲ ਪੁਰਖ ਨਾਲ ਮਿਲਾਪ ਹਰਗਿਜ਼ ਹਰਗਿਜ਼ ਨਹੀਂ ਹੁੰਦਾ ਕਿਉਂ ? ਇਸ ਦਾ ਉਤਰ ਅੱਗੇ ਇਕ ਵੱਖਰੇ ਲੇਖ ਵਿਚ ਦਰਜ ਹੈ।

(3) ਸੰਸਾਰ, ਅਕਾਲ ਪੁਰਖ ਦਾ ਸਰਗੁਣ ਸਰੂਪ ਹੈ। ਸੰਸਾਰ ਤਾਂ ਸਾਨੂੰ ਪਰਤੱਖ ਨਜ਼ਰ ਆਉਣ ਦਾ ਭੁਲੇਖਾ ਪੈਂਦਾ ਹੈ ਪਰ 'ਸਭੁ ਗੋਬਿੰਦੁ ਹੈ' ਦੀ ਅਸਲ ਹਕੀਕਤ ਨੂੰ ਅਸੀਂ ਸਮਝ ਨਹੀਂ ਪਾ ਰਹੇ। ਇਸ ਭੇਦ ਨੂੰ ਇਕ ਵੱਖਰੇ ਲੇਖ ਵਿਚ ਅੱਗੇ ਚਲ ਕੇ ਖੋਹਲਣ ਦੀ ਕੋਸ਼ਿਸ਼ ਕੀਤੀ ਗਈ ਹੈ।

ਅੰਤ ਵਿਚ ਦਾਸ ਇਕ ਜ਼ਰੂਰੀ ਬੇਨਤੀ ਕਰਨਾ ਚਾਹੁੰਦਾ ਹੈ, ਉਹ ਇਹ ਹੈ ਕਿ ਲੇਖ ਨੰ: 1 ਦਾ ਕਾਫੀ ਹਿੱਸਾ ਲੇਖ ਨੰ: 2 ਵਿਚ ਵੀ ਆਉਂਦਾ ਹੈ। ਜਿਸ ਨੂੰ ਲੇਖ ਨੰ: 1 ਦੀ Repetition (ਦੁਹਰਾਓ) ਕਿਹਾ ਜਾ ਸਕਦਾ ਹੈ। ਮਾਮੂਲੀ ਜਿਹੀ Repetition (ਦੁਹਰਾਓ) ਹੋ ਜਾਏ ਤਾਂ ਪਾਠਕ ਵੀਰ/ਭੈਣਾਂ ਉਸ ਨੂੰ

ਸਹਿਨ ਕਰ ਲੈਂਦੇ ਹਨ । ਪਰ ਜੇ ਕਾਫੀ ਬੜਾ ਹਿੱਸਾ ਦੋਹਰਾਇਆ ਜਾਏ ਤਾਂ ਕੁਝ ਅੱਛਾ ਪ੍ਰਤੀਤ ਨਹੀਂ ਹੁੰਦਾ । ਇਥੇ ਦਾਸ ਦੀ ਇਕ ਮੁਸ਼ਕਿਲ ਇਹ ਵੀ ਹੈ ਕਿ ਜੇ ਇਸ Repetition (ਦੁਹਰਾਓ) ਨੂੰ ਰੋਕਣ ਲਈ, ਲੇਖ ਨੰ : 2 ਵਿਚ ਵਾਰ ਵਾਰ ਇਹ ਲਿਖਿਆ ਜਾਏ ਕਿ 'ਪਿਛੇ ਦੇਖੋ ਪੰਨਾ ਨੰ: so & so ਤਾਂ ਪਾਠਕਾਂ ਦੇ ਲੇਖ ਪੜਨੇ ਦੀ 'ਲੈਅਤਾ' ਵਾਰ ਵਾਰ ਟੁਟਦੀ ਹੈ। ਪਾਠਕ ਨੂੰ ਵਾਰ ਵਾਰ ਪਿਛਲੇ ਲੇਖ ਦੀ ਫੋਲਾ ਫਾਲੀ ਕਰਨੀ ਪੈਂਦੀ ਹੈ । ਐਸਾ ਹੋਣਾ ਵੀ ਕੁਝ ਚੰਗਾ ਪ੍ਰਤੀਤ ਨਹੀਂ ਹੁੰਦਾ । ਇਸ ਲਈ ਲੇਖ ਨੰ:1 ਦੀ ਕਾਫੀ Repetition (ਦੁਹਰਾਓ) ਲੇਖ ਨੰ : 2 ਵਿਚ ਮਜਬੂਰੀ ਬਸ, ਕਰਨੀ ਪਈ ਹੈ ਜਿਸ ਦੇ ਲਈ ਦਾਸ ਪਾਠਕ ਵੀਰ ਅਤੇ ਭੈਣਾਂ ਪਾਸੋਂ ਨਿਮਰਤਾ ਸਹਿਤ ਖਿਮਾ ਦਾ ਜਾਚਕ ਹੈ । ਆਸ ਹੈ ਕਿ ਪਾਠਕ ਵੀਰ ਅਤੇ ਭੈਣਾਂ, ਦਾਸ ਦੀ ਇਸ ਮਜ਼ਬੂਰੀ ਨੂੰ ਸਮਝਣ ਦੀ ਕੋਸ਼ਿਸ਼ ਕਰਨਗੇ ਅਤੇ ਦਾਸ ਨੂੰ ਖਿਮਾ ਜ਼ਰੂਰ ਬਖ਼ਸ਼ ਦੇਣਗੇ ।


– ਦਾਸਰਾ ਧਰਮ ਸਿੰਘ

*19, Beverly Close,*
*Thurmaston,*
*Leicester, LE4 8EJ*
*TEL : 0116 269 5360*
*0116 220 0466*


* * *

# ਸੱਚੇ ਗੁਰਦੇਵ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਤੋਂ ਅਣਜਾਣ, ਅਸੀਂ ਦੂਸਰੇ ਧਰਮਾਂ ਦੀਆਂ ਧਰਮ ਪੁਸਤਕਾਂ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਇਕ ਧਾਰਮਕ ਪੁਸਤਕ ਦੇ ਰੂਪ ਵਿੱਚ ਹੀ ਸਮਝਦੇ ਚਲੇ ਆ ਰਹੇ ਹਾਂ। ਇਨ੍ਹਾਂ ਵਿੱਚ ਦੂਸਰੇ ਧਰਮ ਗ੍ਰੰਥਾਂ ਜਾਂ ਧਰਮ ਪੁਸਤਕਾਂ ਨਾਲੋਂ, ਵੱਡੀ ਵਿਲੱਖਣਤਾ ਇਹ ਹੈ ਕਿ ਦੂਸਰੇ ਧਰਮਾਂ ਦੀਆਂ ਜਿਤਨੀਆਂ ਵੀ ਧਰਮ ਪੁਸਤਕਾਂ ਲਿਖੀਆਂ ਮਿਲਦੀਆਂ ਹਨ ਇਨ੍ਹਾਂ ਵਿੱਚੋਂ ਕੋਈ ਵੀ ਪੁਸਤਕ ਐਸੀ ਨਹੀਂ ਜਿਸ ਨੂੰ ਉਸ ਮਤਿ ਦੇ ਧਾਰਮਿਕ ਆਗੂ ਨੇ, ਆਪ ਆਪਣੀ ਕਲਮ ਤੋਂ ਲਿਖਿਆ ਹੋਵੇ ਜਾਂ ਆਪਣੀ ਨਿਗਰਾਨੀ ਵਿੱਚ ਕਿਸੀ ਮੋਅਤਬਰ ਲਿਖਾਰੀ ਤੋਂ ਆਪ ਲਿਖਵਾਇਆ ਹੋਵੇ । ਸਾਰੀ ਦੀ ਸਾਰੀ ਧਰਮ ਪੁਸਤਕਾਂ ਜਾਂ ਗ੍ਰੰਥ, ਜਿਵੇਂ ਕਿ ਵੇਦ, ਸ਼ਾਸਤਰ, ਗੀਤਾ, ਬਾਈਬਲ ਜਾਂ ਕੁਰਆਨ ਸ਼ਰੀਫ ਆਦਿ ਹਨ, ਇਨ੍ਹਾਂ ਧਰਮ ਗੁਰੂਆਂ ਜਾਂ ਆਗੂਆਂ ਦੇ, ਸੰਸਾਰ ਨੂੰ ਤਿਆਗ ਜਾਣ ਤੋਂ ਫੇਰ ਚਿਰ ਪਿੱਛੋਂ, ਇਨ੍ਹਾਂ ਧਰਮਾਂ ਦੇ ਸਾਧੂ ਸੰਤਾਂ ਵੱਲੋਂ ਆਪਣੀ ਯਾਦਦਾਸ਼ਤ ਦੇ ਆਧਾਰ 'ਤੇ ਲਿਖੀਆਂ ਗਈਆਂ । ਯਾਦਦਾਸ਼ਤ ਦੇ ਆਧਾਰ 'ਤੇ ਲਿਖੀ ਗਈ ਲਿਖਤ ਵਿੱਚ, ਕੁਝ ਨਾ ਕੁਝ ਕਮੀ ਬੇਸ਼ੀ ਹੋ ਜਾਣ ਦੀ ਗੁੰਜਾਇਸ਼ ਮੌਜੂਦ ਹੁੰਦੀ ਹੈ । ਇਸ ਲਈ ਇਨ੍ਹਾਂ ਧਾਰਮਿਕ ਪੁਸਤਕਾਂ ਵਿੱਚ ਵੀ ਕਿਸੀ ਨਾ ਕਿਸੀ ਹੋਈ ਕਮੀ ਬੇਸ਼ੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਸ ਵਕਤ ਦੇ ਮੌਜੂਦ ਸਤਿਗੁਰੂ 'ਸਾਹਿਬ ਗੁਰੂ ਅਰਜਨ ਦੇਵ ਜੀ' ਨੇ ਆਪਣੀ ਹਾਜ਼ਰੀ ਅਤੇ ਨਿਗਰਾਨੀ ਵਿੱਚ, ਭਾਈ ਗੁਰਦਾਸ ਜੀ ਤੋਂ ਲਿਖਵਾਏ । ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਇਹ ਬੀੜ ਨਕਲ ਕਰਨੇ ਲਈ ਧੀਰ ਮਲੀਆਂ ਪਾਸੋਂ ਮੰਗੀ ਤਾਂ ਉਨ੍ਹਾਂ ਨੇ ਇਹ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ । ਉਪਰੰਤ ਕਲਗੀਧਰ ਜੀ ਨੇ, ਭਾਈ ਮਨੀ ਸਿੰਘ ਜੀ ਤੋਂ ਦਮਦਮੇ ਸਾਹਿਬ (ਤਲਵੰਡੀ ਸਾਬੋ) ਦੇ ਅਸਥਾਨ 'ਤੇ ਆਪਣੀ ਮੌਜੂਦਗੀ ਅਤੇ ਨਿਗਰਾਨੀ ਹੇਠ, ਇਸ ਪਹਿਲੀ ਬੀੜ ਵਿੱਚ ਦਰਜ ਬਾਣੀ ਅਤੇ ਇਸ ਤੋਂ ਇਲਾਵਾ, ਨੌਵੇਂ ਪਾਤਸ਼ਾਹ ਦੀ ਬਾਣੀ ਇਸ ਨਵੀਂ ਬੀੜ ਵਿੱਚ ਦਰਜ ਕਰਵਾਈ । ਚੂੰਕਿ ਇਹ ਦੋਨੋਂ ਹੀ ਬੀੜਾਂ ਦੋ ਗੁਰੂ ਸਾਹਿਬਾਨ ਦੀ ਆਪਣੀ ਹਾਜ਼ਰੀ ਅਤੇ ਨਿਗਰਾਨੀ ਹੇਠ ਲਿਖਵਾਈਆਂ ਗਈਆਂ, ਇਸ ਲਈ ਇਨ੍ਹਾਂ ਵਿੱਚ ਕਿਸੀ ਵੀ ਕਿਸਮ ਦੀ ਕੋਈ ਕਮੀ ਬੇਸ਼ੀ ਹੋਣੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਜਿਉਂ ਜਿਉਂ ਸਮਾਂ ਗੁਜਰਦਾ ਗਿਆ, ਸਾਡੀ ਅਣਜਾਣਤਾ ਅਤੇ ਅਣਗੈਹਲੀ ਦੇ ਕਾਰਨ, ਮੁਆਫ ਕਰਨਾ ਇਹ ਲਿਖਦੇ ਹੋਏ ਦੁਖ ਮਹਿਸੂਸ ਹੋ ਰਿਹਾ ਹੈ ਕਿ ਅੱਜ ਦੇ ਸਿੱਖਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਹ ਅਦਬ ਸਤਿਕਾਰ ਨਹੀਂ ਰਿਹਾ ਜੋ ਪੁਰਾਤਨ ਸਮੇਂ ਦੇ ਸਿੰਘਾਂ ਦੇ ਦਿਲਾਂ ਵਿੱਚ ਹੁੰਦਾ ਸੀ। ਸਾਡੇ ਘਰਾਂ ਵਿੱਚ ਅਖੰਡ ਜਾਂ ਸਹਿਜ ਪਾਠ ਦਾ ਭੋਗ ਪੈਂਦਾ ਹੈ, ਗ੍ਰੰਥੀ ਸਿੰਘ ਹਾਲੇ ਮਹਾਰਾਜ ਜੀ ਦਾ ਸੁਖਆਸਣ ਹੀ ਕਰ ਰਹੇ ਹੁੰਦੇ ਹਨ ਕਿ ਨਾਲ ਲਗਦੇ ਕਮਰੇ ਵਿੱਚ ਮਾਸ ਅਤੇ ਸ਼ਰਾਬ ਦਾ ਦੌਰ ਚਲ ਪੈਂਦਾ ਹੈ। ਲਾਊਡ ਸਪੀਕਰ ਤੇ ਐਸੇ ਗੰਦੇ ਗਾਣੇ ਸ਼ੁਰੂ ਹੋ ਜਾਂਦੇ ਹਨ, ਜਿਨ੍ਹਾਂ ਨੂੰ ਕੋਈ ਸ਼ਰੀਫ ਆਦਮੀ ਆਪਣੇ ਪਰਿਵਾਰ ਵਿੱਚ ਬੈਠੀਆਂ ਧੀਆਂ ਭੈਣਾਂ ਦੀ ਮੌਜੂਦਗੀ ਵਿੱਚ ਸੁਣ ਨਹੀਂ ਸਕਦਾ ।

ਅੱਜ ਕੱਲ ਇਕ ਹੋਰ ਨਵਾਂ ਰਿਵਾਜ ਚੱਲ ਪਿਆ ਹੈ । ਉਹ ਇਹ ਕਿ ਆਪਣੇ ਬਜ਼ੁਰਗਾਂ ਦੀਆਂ ਮੜ੍ਹੀਆਂ ਮਸਾਣੀਆਂ ਤੇ ਲੋਕੀਂ ਪਾਠ ਕਰਾਉਣ ਲਗ ਪਏ ਹਨ । ਉਹ ਮੜ੍ਹੀਆਂ ਮਸਾਣੀਆਂ ਤੇ ਮੱਥਾ ਟੇਕਣ ਦੇ ਆਦੀ ਹੋਏ ਹੁੰਦੇ ਹਨ । ਜਦੋਂ ਉਹ ਪਾਠ ਸੁਨਣੇ ਲਈ ਆਉਂਦੇ ਹਨ ਤਾਂ ਬਹੁਤੇ ਤਾਂ ਪਹਿਲਾਂ ਮੜ੍ਹੀ ਨੂੰ ਮੱਥਾ ਟੇਕਦੇ ਹਨ ।

ਫੇਰ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਿਰ ਨਿਵਾਉਂਦੇ ਹਨ । ਇਨ੍ਹਾਂ ਵਿੱਚੋਂ ਕਈ ਇਕ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕੇ ਬਗੈਰ ਹੀ ਸੰਗਤ ਵਿੱਚ ਬੈਠ ਜਾਂਦੇ ਹਨ । ਗੋਇਆ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਮੜ੍ਹੀ ਤੇ ਮੱਥਾ ਟੇਕਣਾ ਤਾਂ ਜ਼ਰੂਰੀ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਸਿਰ ਝੁਕਾਉਣਾ ਕੋਈ ਜ਼ਰੂਰੀ ਨਹੀਂ ਹੈ।

ਕੁਝ ਸਾਧੂ ਸੰਤਾਂ ਨੇ ਆਮ ਸੰਗਤਾਂ ਨੂੰ ਆਪਣੇ ਡੇਰਿਆਂ ਵੱਲ ਖਿਚਣ ਲਈ ਸੰਪਟ ਪਾਠ ਦਾ ਫਕਵੰਜ਼ ਸ਼ੁਰੂ ਕਰ ਲਿਆ ਹੈ । ਇਸ ਪਾਠ ਵਿੱਚ ਉਹ ਗੁਰਬਾਣੀ ਦੀ ਕੋਈ ਤੁਕ ਚੁਣ ਲੈਂਦੇ ਹਨ, ਫੇਰ ਪਾਠ ਕਰਨੇ ਵੇਲੇ ਹਰ ਸ਼ਬਦ ਦੇ ਸ਼ੁਰੂ ਅਤੇ ਅੰਤ ਵਿੱਚ ਇਸ ਤੁਕ ਦਾ ਪਾਠ ਕਰਦੇ ਹਨ । ਇਹ ਇਕ ਵੱਡੀ ਘੋਰ ਮਨ ਮਤਿ ਹੈ । ਜੇ ਐਸਾ ਪਾਠ ਕਰਨਾ ਪੰਥ ਨੂੰ ਮਨਜ਼ੂਰ ਹੁੰਦਾ ਤਾਂ ਇਸ ਦੀ ਵਿੱਧੀ ਵੀ ਸਿੱਖ ਰਹਿਤ ਮਰਯਾਦਾ ਵਿੱਚ ਦਰਜ ਹੁੰਦੀ। ਪਰ ਐਸਾ ਕਿਤੇ ਕੁਝ ਦਰਜ ਨਹੀਂ ਹੈ । ਗੁਰਬਾਣੀ ਸ਼ੁਰੂ ਤੋਂ ਅਖੀਰ ਤੱਕ ਮੰਤ੍ਰ ਰੂਪ ਹੈ । ਮੰਤ੍ਰ ਦਾ ਕੀਤਾ ਹੋਇਆ ਸ਼ੁਧ ਉਚਾਰਨ, ਵਾਤਾਵਰਣ ਵਿੱਚ ਇਕ ਖਾਸ ਅਸਰ ਪੈਦਾ ਕਰਦਾ ਹੈ । ਜਦੋਂ ਅਸੀਂ ਕਿਸੀ ਵੀ ਸ਼ਬਦ ਦੇ ਅਗੇ ਪਿਛੇ ਕੋਈ ਹੋਰ ਤੁਕ ਉਚਾਰਦੇ ਹਾਂ, ਭਾਵੇਂ ਉਹ ਗੁਰਬਾਣੀ ਦੀ ਹੀ ਕੋਈ ਤੁਕ ਹੁੰਦੀ ਹੈ ਤਾਂ ਇਸ ਦੇ ਉਚਾਰਨ ਦੁਆਰਾ, ਸ਼ਬਦੀ ਵੀ ਆਪਣੀ ਤਰਤੀਬ ਵਿੱਚ ਵਿਘਨ ਪੈਦਾ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਸ ਦੇ ਕਾਰਨ ਉਸ ਸ਼ਬਦ ਤੋਂ ਜੋ ਅਸਰ ਪੈਦਾ ਹੋਣਾ ਹੁੰਦਾ ਹੈ ਉਹ ਅਸਰ ਪੈਦਾ ਨਹੀਂ ਹੁੰਦਾ । ਇਹ ਇਕ ਬਹੁਤ ਸੂਖਸ਼ਮ ਵਿਚਾਰ ਹੈ ਜੋ ਆਮ ਸੰਗਤਾਂ ਦੀ ਸਮਝ ਆਉਣੀ ਜ਼ਰਾ ਮੁਸ਼ਕਿਲ ਹੈ ।

ਅੱਜ ਕੱਲ ਦੇ ਅਖੌਤੀ ਸਾਧਾਂ ਸੰਤਾਂ ਨੇ ਮਾਇਆ ਦੇ ਖੁਲੇ ਗਫੇ ਹੂੰਝਣ ਦਾ ਇਕ ਹੋਰ ਨਵਾਂ ਢੰਗ ਲਭ ਲਿਆ ਹੈ । ਉਹ ਇਹ ਕਿ ਇਕ ਵੱਡੇ ਹਾਲ ਕਮਰੇ ਵਿੱਚ ਸੌ ਸੌ ਜਾਂ ਕੁਝ ਵੱਧ ਘੱਟ, ਇਕੱਠੇ ਅਖੰਡ ਪਾਠ ਰੱਖ ਦਿੰਦੇ ਹਨ । ਇਕ ਪਾਠੀ ਬੋਲ ਕੇ ਪਾਠ ਕਰਦਾ ਹੈ, ਬਾਕੀ ਦੇ ਸਭ ਅੱਖਾਂ ਹੀ ਘੁਮਾਈ ਜਾਂਦੇ ਹਨ ਪੱਤਰਾ ਪਲਟਣੇ ਵੇਲੇ ਬੋਲ ਕੇ ਪਾਠ ਕਰਨੇ ਵਾਲੇ ਵੱਲ ਨਜ਼ਰ ਰੱਖਦੇ ਹਨ । ਜਦੋਂ ਉਹ ਪਤਰਾ ਪਲਟੀ ਕਰਦਾ ਹੈ ਤਾਂ ਬਾਕੀ ਦੇ ਸਾਰੇ ਵੀ ਪਤਰਾ ਪਲਟ ਦਿੰਦੇ ਹਨ । ਐਸੇ ਪਾਠਾਂ ਵਿੱਚ ਅਣਜਾਣ ਬੰਦੇ ਵੀ ਅਖੰਡ ਪਾਠੀ ਬਣੇ ਬੈਠੇ ਹੁੰਦੇ ਹਨ। ਦਿਕ ਦਫਾ ਦਾਸ ਨੂੰ ਵੀ ਇਕ ਐਸਾ ਸਮਾਗਮ ਦੇਖਣੇ ਦਾ ਮੌਕਾ ਮਿਲਿਆ, ਜਿਥੇ ਇਕ ਸੌ ਤੋਂ ਵੀ ਵੱਧ ਅਖੰਡ ਪਾਠ ਖੁਲ੍ਹੇ ਹੋਏ ਸਨ । ਉਨ੍ਹਾਂ ਪਾਠਾਂ ਵਿੱਚ ਦੋ ਬੰਦੇ, ਦਾਸ ਦੇ ਪਿੰਡ ਦੇ ਵੀ ਅਖੰਡ ਪਾਠ ਕਰਨੇ ਵਿੱਚ ਸ਼ਾਮਲ ਸਨ । ਉਹ ਦੋਨੋਂ ਹੀ ਮਹਾਰਾਜ ਦਾ 'ਹੁਕਮ ਨਾਮਾ' ਲੈਣ ਦੇ ਵੀ ਯੋਗ ਨਹੀਂ ਤੇ ਉਥੇ ਉਹ ਅਖੰਡ ਪਾਠੀ ਬਣੇ ਬੈਠੇ ਸਨ । ਪਾਠਕ ਵੀਰ ਆਪ ਹੀ ਸੋਚ ਸਕਦੇ ਹਨ ਕਿ ਐਸੇ ਪਾਠਾਂ ਦਾ ਵੀ ਕੋਈ ਫਾਇਦਾ ਹੁੰਦਾ ਹੋਵੇਗਾ ?

ਇਕ ਦਫਾ ਦਾਸ ਨੂੰ ਕਵੈਂਟਰੀ ਦੇ ਇਕ ਗੁਰਦੁਆਰੇ ਜਾਣੇ ਦਾ ਮੌਕਾ ਮਿਲਿਆ । ਉਥੇ ਇਕੋ ਹੀ ਸਟੇਜ ਤੇ ਤਿੰਨ ਅਖੰਡ ਪਾਠ, ਇਕੱਠੇ ਹੀ ਚਲ ਰਹੇ ਸਨ । ਇਤਨੇ ਨੂੰ ਰਹਿਰਾਸ ਸਾਹਿਬ ਦੇ ਪਾਠ ਦਾ ਸਮਾਂ ਹੋ ਗਿਆ ਤਾਂ ਕੀਰਤਨ ਕਰਨੇ ਵਾਲੇ ਸਿੰਘ ਬਾਜਾ ਜੋੜੀ ਲੈ ਕੇ ਆ ਹਾਜ਼ਰ ਹੋਏ । ਉਨ੍ਹਾਂ ਰਹਿਰਾਸ ਸਾਹਿਬ ਦਾ ਕੀਰਤਨ ਕਰਨਾ ਆਰੰਭ ਕਰ ਦਿੱਤਾ। ਦਾਸ ਨੇ ਉਥੇ ਦੇ ਇਕ ਲੀਡਰ ਟਾਈਪ ਸਿਰਕੱਢ ਸੱਜਣ ਨਾਲ ਗੱਲ ਕੀਤੀ । ਅਗੋਂ ਉਤਰ ਮਿਲਿਆ, ਜੀ ਇਹ ਅਮਕੇ ਬਾਬਿਆਂ ਦਾ ਗੁਰਦੁਆਰਾ ਹੈ ਉਨ੍ਹਾਂ ਦੀ ਆਪਣੀ ਹੀ ਮਰਯਾਦਾ ਹੈ । ਕਿਸੀ ਹੋਰ ਦੀ ਗੱਲ ਇਹ ਬਾਬੇ ਮੰਨਦੇ ਨਹੀਂ । ਕਈ ਜਗਾਹ ਐਸਾ ਵੀ ਦੇਖਿਆ ਗਿਆ ਹੈ ਕਿ ਚਲਦੇ ਅਖੰਡ ਪਾਠ ਵਿੱਚ ਦੀਵੇ ਬਾਲ ਕੇ ਆਰਤੀ ਨਾਲੋ ਨਾਲ ਹੀ ਕੀਤੀ ਜਾਂਦੀ ਹੈ ।

ਕਈ ਜਗਾਹ, ਬਾਬੇ ਆਪਣਾ ਵਖਰਾ ਆਸਣ ਵਿਛਾ ਕੇ ਬੈਠਦੇ ਹਨ। ਸ਼ਰਧਾਲੂ ਬਾਬਿਆਂ ਦੇ ਚਰਨਾਂ 'ਤੇ ਮੱਥਾ ਟੇਕਦੇ ਹਨ ਤੇ ਸੰਗਤ ਵਿੱਚ ਬੈਠ ਜਾਂਦੇ ਹਨ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣੇ ਦੀ ਕੋਈ ਲੋੜ ਹੀ ਨਹੀਂ ਸਮਝਦੇ । ਐਸਾ ਕਰਨਾ ਇਕ ਘੋਰ ਮਨ-ਮੱਤ ਹੈ । ਵਾਹਿਗੁਰੂ ਐਸੇ ਬਾਬਿਆਂ ਤੇ ਸ਼ਰਧਾਲੂਆਂ ਨੂੰ ਸੁਮੱਤ ਬਖਸ਼ੇ ।

ਸਾਡੇ ਬਾਬਿਆਂ ਨੂੰ ਆਪਣੇ ਡੇਰਿਆਂ ਵਿੱਚ ਆਪੋ ਆਪਣੀ ਪ੍ਰਭੁਤਾ ਕਾਇਮ ਰੱਖਣ ਲਈ, ਨਵੇਂ ਨਵੇਂ ਢੰਗ ਲੱਭ

ਪੈਂਦੇ ਹਨ । ਉਹ ਆਪਣੇ ਚੇਲਿਆਂ ਨੂੰ ਗੁਰਬਾਣੀ ਦੀ ਕੋਈ ਤੁਕ ਦੱਸ ਕੇ ਆਖਦੇ ਹਨ ਕਿ ਉਹ ਇਸ ਤੁਕ ਦਾ ਚਾਲੀ ਦਿਨਾਂ ਵਿੱਚ (ਗਿਣਤੀ ਦੱਸ ਕੇ) ਇਤਨਾ ਪਾਠ ਪੂਰਾ ਕਰ ਲੈਣ ਤਾਂ ਉਨ੍ਹਾਂ ਨੂੰ ਅਮਕੀ ਸਿੱਧੀ ਪ੍ਰਾਪਤ ਹੋ ਜਾਏਗੀ । ਉਹ ਲੋਕਾਂ ਨੂੰ ਗੁਰਬਾਣੀ ਦੀ ਵਰਤੋਂ ਜਾਦੂ ਟੂਣੇ ਜਾਂ ਮੰਤ੍ਰਾਂ ਵਜੋਂ ਦੱਸ ਕੇ ਚਾਲੀਏ ਕਰਨ ਕਰਾਉਣ ਵਲ ਨੂੰ ਤੋਰ ਲੈਂਦੇ ਹਨ ਜੇ ਇਨ੍ਹਾਂ ਅਖੌਤੀ ਬਾਬਿਆਂ ਦੀਆਂ ਇਨ੍ਹਾਂ ਮਨ ਮੱਤਾਂ ਨੂੰ ਠਲ ਨਾ ਪਾਈ ਗਈ ਤਾਂ ਪਤਾ ਨਹੀਂ ਕਿ ਆਉਣ ਵਾਲੇ ਸਮੇਂ ਵਿੱਚ ਇਹ ਪੰਥ ਨੂੰ ਕਿਹੜੇ ਖੂਹ ਖਾਤੇ ਵਿੱਚ ਗਰਕ ਕਰ ਕੇ ਛੱਡਣਗੇ ।

ਦਾਸ ਕੁਝ ਬੇਨਤੀਆਂ ਗੁਰਦੁਵਾਰਿਆਂ ਦੇ ਸਬੰਧ ਵਿੱਚ ਵੀ ਕਰਨਾ ਚਾਹੁੰਦਾ ਹੈ । ਉਹ ਇਹ ਕਿ ਅਸੀਂ ਗੁਰਦਵਾਰਿਆਂ ਦੀਆਂ ਇਮਾਰਤਾਂ ਬਣਾਉਣ ਤੇ ਲੋੜ ਤੋਂ ਕੁਝ ਵੱਧ ਖਰਚ ਕਰਨ ਲਗ ਪਏ ਹਾਂ। ਜਿਥੇ ਪਹਿਲਾਂ ਕੁਝ ਲੱਖ ਪੌਂਡ ਖਰਚ ਕੇ ਕੰਮ ਚਲਾ ਲਿਆ ਜਾਂਦਾ ਸੀ ਉਥੇ ਹੁਣ ਅਸੀਂ ਕਰੋੜਾਂ ਪੌਂਡ ਖਰਚ ਕਰਨੇ ਸ਼ੁਰੂ ਕਰ ਦਿੱਤੇ ਹਨ । ਦਾਸ ਇਹ ਤਾਂ ਨਹੀਂ ਆਖਦਾ ਕਿ ਵਧੀਆ ਇਮਾਰਤਾਂ ਨਾ ਬਣਾਈਆਂ ਜਾਣ । ਬਲਕਿ ਦਾਸ ਇਹ ਅਰਜ ਕਰਨਾ ਚਾਹੁੰਦਾ ਹੈ ਕਿ ਗੁਰਦੁਆਰੇ ਦੀਆਂ ਲੋੜਾਂ ਪੂਰੀਆਂ ਕਰਨੇ ਦਾ ਕੰਮ ਤਾਂ ਕੀਤਾ ਜਾਵੇ ਪਰ ਵਾਧੂ ਦੀ ਸਜਾਵਟ ਜਾਂ ਸੋਨੇ ਦੇ ਪਤਰੇ ਚੜ੍ਹਾਉਣ ਤੋਂ ਸੰਕੋਚ ਹੀ ਕਰਨਾ ਚਾਹੀਦਾ ਹੈ । ਜੇ ਆਪਣੇ ਪਾਸ ਵਾਧੂ ਪੈਸਾ ਹੈ ਤਾਂ ਬਚਿਆਂ ਨੂੰ ਪੰਜਾਬੀ ਲਿਖਣ ਬੋਲਣ ਤੇ ਪੜ੍ਹਨੇ ਦੀ ਸਿਖਲਾਈ ਤੇ ਖਰਚ ਕੀਤਾ ਜਾ ਸਕਦਾ ਹੈ । ਜੇ ਅਸੀਂ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਵਿੱਚ ਜੇ ਗੁਰਬਾਣੀ ਦਾ ਪਾਠ ਕਰਨੇ ਵਾਲਾ ਹੀ ਕੋਈ ਨਾ ਹੋਇਆ ਤਾਂ ਸਾਡੇ ਗੁਰਦਵਾਰਿਆਂ ਦੀਆਂ ਇਹ ਕਰੋੜਾਂ ਪੌਂਡਾਂ ਦੀਆਂ ਇਮਾਰਤਾਂ ਕਿਤੇ ਭੰਗ ਦੇ ਭਾੜੇ ਹੀ ਨਾ ਵੇਚਣੀਆਂ ਪੈਣ । ਜੇ ਆਪਣੇ ਪਾਸ ਪੈਸੇ ਦੀ ਗੁੰਜਾਇਸ਼ ਹੋਵੇ ਤਾਂ ਇਸ ਨਾਲ ਗੁਰਮਤਿ ਸਿਧਾਂਤ ਤੇ ਪੁਸਤਕਾਂ ਛਾਪ ਕੇ ਸੰਗਤਾਂ ਵਿੱਚ ਮੁਫਤ ਵੰਡੀਆਂ ਜਾਣ ਜਾਂ ਲੱਗੀ ਕੀਮਤ ਹੀ ਵਸੂਲ ਕੀਤੀ ਜਾਏ । ਇਸ ਤਰ੍ਹਾਂ ਸਿੱਖੀ ਦਾ ਪ੍ਰਚਾਰ ਕਰਕੇ ਆਪ ਸੰਗਤਾਂ ਨੂੰ ਸਿੱਖੀ ਬਾਰੇ ਜਾਗਰੂਕ ਕੀਤਾ ਜਾਏ ।

ਸਿੱਖ ਫਿਲਾਸਫੀ ਬਾਰੇ ਜਾਂ ਹੋਰ ਸਿੱਖੀ ਅਸੂਲਾਂ ਬਾਰੇ, ਆਮ ਸੰਗਤਾਂ ਦੀ ਤਾਂ ਗੱਲ ਹੀ ਛੱਡੋ ਸਾਡੇ ਪੜ੍ਹੇ ਲਿਖੇ ਵੀਰ ਭੈਣਾਂ ਵੀ ਹਾਲੇ ਤੱਕ ਬਹੁਤ ਅਣਜਾਣ ਹਨ । ਮਿਸਾਲ ਦੇ ਤੌਰ ਤੇ ਜਿਹੜਾ ਵੀ ਪ੍ਰਚਾਰਕ ਉਠਦਾ ਹੈ ਉਹ ਇਹ ਵੀ ਆਖਦਾ ਹੈ ਕਿ ਅੰਮ੍ਰਿਤ-ਪਾਨ ਕਰਨਾ, ਸਿੱਖ ਧਰਮ ਵਿੱਚ ਪ੍ਰਵੇਸ਼ ਕਰਨੇ ਦੀ ਇਕ ਰਸਮ ਹੈ, ਜਦੋਂ ਕਿ- ਸਿੱਖੀ ਵਿੱਚ ਪ੍ਰਵੇਸ਼ ਕਰਨੇ ਦੀ ਇਹ ਕੋਈ ਰਸਮ ਨਹੀਂ ਹੈ, ਸਗੋਂ ਅਕਾਲ ਪੁਰਖ ਤੱਕ ਪਹੁੰਚ ਪ੍ਰਾਪਤ ਕਰਨੇ ਲਈ, ਅੰਮ੍ਰਿਤਪਾਨ ਕਰਨਾ ਇਕ ਲੋੜ ਹੈ, ਜ਼ਰੂਰਤ ਹੈ । ਅੰਮ੍ਰਿਤਪਾਨ ਕਰਨੇ ਤੋਂ ਬਗੈਰ ਅਕਾਲ ਪੁਰਖ ਨਾਲ ਮਿਲਾਪ ਹਰਗਿਜ਼ ਹਰਗਿਜ਼ ਨਹੀਂ ਹੁੰਦਾ । ਕਿਉਂ ਨਹੀਂ ਹੁੰਦਾ ? ਇਸ ਦਾ ਉਤਰ ਇਸ ਛੋਟੇ ਜਿਹੇ ਲੇਖ ਵਿੱਚ ਦੇਣਾ ਮੁਸ਼ਕਿਲ ਹੈ । ਸਾਰੇ ਯੂ. ਕੇ. ਦੇ ਗੁਰਦਵਾਰਿਆਂ ਨੂੰ ਇਕ ਸੰਗਠਨ ਵਿੱਚ ਸੰਗਠਤ ਕਰਕੇ, ਧਰਮ ਪ੍ਰਚਾਰ ਦੀ ਇਕ ਵੱਡੀ ਮੁਹਿੰਮ ਆਰੰਭਣ ਦੀ ਲੋੜ ਹੈ । ਕਿਆ ਸਾਡੇ ਪੰਥਕ ਆਗੂ ਦਾਸ ਦੀ ਇਸ ਬੇਨਤੀ ਵੱਲ ਧਿਆਨ ਦੇਣਗੇ ?

ਇਥੋਂ ਤੱਕ ਤਾਂ ਗੁਰਬਾਣੀ ਦੀ ਗਲਤ ਵਰਤੋਂ ਕਰਨੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਅਣਗੌਲਿਆਂ ਕਰਨੇ ਦੇ ਸਬੰਧ ਵਿੱਚ ਹੀ ਕੁਝ ਬੇਨਤੀਆਂ ਅਰਜ਼ ਕੀਤੀਆਂ ਹਨ । ਦਾਸ ਨੇ ਇਹ ਅਰਜੋਈਆਂ ਕਰਨੇ ਵਿੱਚ ਪਾਠਕਾਂ ਦਾ ਕਾਫੀ ਸਮਾਂ ਲੈ ਲਿਆ ਹੈ । ਜਿਸ ਲਈ ਦਾਸ ਪਾਠਕਾਂ ਪਾਸੋਂ ਖਿਮਾ ਦਾ ਯਾਚਕ ਹੈ, ਹੁਣ ਲੇਖ ਦੇ ਅਸਲ ਆਸ਼ੇ ਵਲ ਨੂੰ ਮੋੜਾ ਪਾਉਂਦੇ ਹਾਂ ।

ਜਪੁਜੀ ਸਾਹਿਬ ਦੀ ਬਾਣੀ ਅੰਦਰ ਕੁਦਰਤ ਦੀ ਕਾਇਨਾਤ ਦੇ ਅੰਦਰ ਪੰਜਾਂ ਖੰਡਾਂ ਦਾ ਜ਼ਿਕਰ ਆਉਂਦਾ ਹੈ। ਜਿਨ੍ਹਾਂ ਦੇ ਨਾਮ ਹਨ- ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ । ਇਨ੍ਹਾਂ ਖੰਡਾਂ ਦੀ ਅਸਲੀਅਤ ਕਿਆ ਹੈ ਇਸ ਬਾਰੇ ਕਈ ਤਾਂ ਇਨ੍ਹਾਂ ਨੂੰ ਨਾਮ ਅਭਿਆਸ ਦੇ ਪੜਾਓ ਬਿਆਨ ਕਰਦੇ ਹਨ ਪਰ ਭਾਈ ਸਾਹਿਬ ਰਣਧੀਰ ਸਿੰਘ ਜੀ ਇਨ੍ਹਾਂ ਖੰਡਾਂ ਨੂੰ ਕੁਦਰਤ ਦੀ ਕਾਇਨਾਤ ਅੰਦਰ ਮੌਜੂਦ (Universes

Regions) ਜਾਂ ਤਬਕੇ ਬਿਆਨ ਕਰਦੇ ਹਨ ਕਿ ਭਾਈ ਸਾਹਿਬ ਮੌਜੂਦਾ ਜਮਾਨੇ ਵਿੱਚ ਹੋ ਗੁਜ਼ਰੇ ਇਕ ਪੂਰਨ ਬ੍ਰਹਮ ਗਿਆਨੀ ਸਨ । ਆਪ ਜੀ ਨੇ ਆਪਣੀ ਦ੍ਰਿਵ ਦ੍ਰਿਸ਼ਟੀ ਦੁਆਰਾ ਜਿਵੇਂ ਤਕਿਆ ਹੈ ਉਸ ਨੂੰ ਪੁਸਤਕ 'ਸੱਚਖੰਡ ਦਰਸ਼ਨ' ਵਿੱਚ ਬਿਆਨ ਕਰਦੇ ਹੋਏ ਲਿਖਿਆ ਹੈ ਕਿ ਸਾਡੇ ਮਾਤ ਲੋਕ ਦੇ ਲੋਕਾਂ ਨਾਲੋਂ ਧਰਮ ਖੰਡ ਦੇ ਵਸਨੀਕ ਵੱਧ ਉਨੱਤ ਹਨ- ਧਰਮ ਖੰਡ ਨਾਲੋਂ ਗਿਆਨ ਖੰਡ ਵਾਲੇ ਹੋਰ ਵੱਧ ਉਨੱਤ ਹਨ, ਇਸੀ ਤਰ੍ਹਾਂ ਹੀ ਅੱਗੇ ਤੋਂ ਅੱਗੇ ਉਨਤ ਲੋਕਾਂ ਦੇ ਦੇਸ਼ ਹਨ । ਸੱਚ ਖੰਡ ਉਨਤੀ ਦਾ ਸਿਖਰ ਹੈ । ਭਾਈ ਸਾਹਿਬ ਲਿਖਦੇ ਹਨ ਕਿ ਇਨ੍ਹਾਂ ਖੰਡਾਂ ਵਿੱਚ ਆਬਾਦੀ ਮਾਤ ਲੋਕ ਨਾਲੋਂ ਵੀ 'ਘੁਗ' (ਜ਼ਿਆਦਾ) ਵਸਦੀ ਹੈ । *'ਸੱਚ-ਖੰਡਿ ਵਸੈ ਨਿਰੰਕਾਰੁ॥'* ਸੱਚ-ਖੰਡ ਵਿਖੇ ਨਿਰੰਕਾਰ ਰੂਪ ਹੋ ਚੁੱਕੀਆਂ ਜੀਵ ਆਤਮਾਵਾਂ ਦਾ ਵਾਸਾ ਹੈ । ਜੀਵ ਆਤਮਾ, ਪਰਮ ਆਤਮਾ ਦੀ ਅੰਸ਼ ਹੋਣ ਦੇ ਨਾਤੇ ਪਹਿਲਾਂ ਹੀ ਨਿੰਰਕਾਰ ਰੂਪ ਹੈ । ਹੁਣ ਇਥੇ ਨਿੰਰਕਾਰ ਰੂਪ ਹੋ ਚੁੱਕੀਆਂ ਜੀਵ ਆਤਮਾਵਾਂ ਦਾ ਅਰਥ ਕਿਆ ਹੋਇਆ ? ਸੰਖੇਪ ਵਿੱਚ ਅਰਜ ਹੈ ਕਿ ਜੀਵ-ਆਤਮਾ, ਸਥੂਲ, ਸੁਖਸ਼ਮ ਅਤੇ ਕਾਰਨ, ਤਿੰਨ ਸਰੀਰਾਂ ਅੰਦਰ ਬੰਦ ਹੈ । ਦੇਵ ਲੋਕ ਜਾਣ ਸਮੇਂ ਇਹ ਸਥੂਲ ਸਰੀਰ ਨੂੰ ਤਾਂ ਇਥੇ ਮਾਤ ਲੋਕ ਵਿੱਚ ਹੀ ਤਿਆਗ ਜਾਂਦੀ ਹੈ । ਸੁਖਸ਼ਮ ਅਤੇ ਕਾਰਨ ਸਰੀਰ, ਜੀਵ ਆਤਮਾ ਦੇ ਸੰਗ ਸਾਥ ਕਰਮ ਖੰਡ ਤੱਕ ਜਾਂਦੇ ਹਨ । ਸੱਚ-ਖੰਡ ਪ੍ਰਵੇਸ਼ ਕਰਨੇ ਤੋਂ ਪਹਿਲਾਂ ਇਨ੍ਹਾਂ ਦੋਨਾਂ ਸਰੀਰਾਂ ਤੋਂ ਮੁਕਤ ਹੋਣਾ ਨਿਹਾਇਤ ਜ਼ਰੂਰੀ ਹੈ। ਜਿਤਨੀ ਦੇਰ ਤੱਕ ਕੋਈ ਇਕ ਸਰੀਰ ਵੀ-ਜੀਵ ਆਤਮਾ ਦੇ ਸੰਗ ਮੌਜੂਦ ਹੈ, ਇਹ ਸੱਚ-ਖੰਡ ਪ੍ਰਵੇਸ਼ ਨਹੀਂ ਕਰ ਸਕਦੀ ।

ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ ॥

*(ਪੰਨਾ ੧੩੬੬)*

ਯਹੂਦੀ, ਈਸਾਈ ਅਤੇ ਮੁਸਲਿਮ ਮੱਤਾਂ ਦਾ ਨਿਸ਼ਾਨਾ ਦੋਜ਼ਖ ਤੋਂ ਬਚਣਾ ਅਤੇ ਬਹਿਸ਼ਤ ਪ੍ਰਾਪਤ ਕਰਨਾ ਹੈ। ਨੇਕ ਕਰਮ ਕਰਨੇ ਵਾਲੇ ਨੂੰ ਬਹਿਸ਼ਤ ਅਤੇ ਬੁਰੇ ਕਰਮ ਕਰਨੇ ਵਾਲੇ ਨੂੰ ਦੋਜ਼ਮ ਵਿੱਚ ਸੁਟਿਆ ਜਾਂਦਾ ਹੈ । ਬਹਿਸ਼ਤ ਜਾਂ ਦੋਜ਼ਖ ਦਾ ਸੰਬੰਧ ਧਰਮ ਰਾਜ ਦੀ ਪੁਰੀ, ਧਰਮ ਖੰਡ ਨਾਲ ਹੈ । ਇਹ ਮਤਿ ਧਰਮ ਖੰਡ ਤੱਕ ਪਹੁੰਚ, ਬਹਿਸ਼ਤ ਪ੍ਰਾਪਤ ਕਰ, ਸੰਤੁਸ਼ਟ ਹੋ ਬੈਠਦੇ ਹਨ ।

ਹਿੰਦੂਆਂ ਦੇ ਸਾਰੇ ਹੀ ਮੱਤਾਂ ਦਾ ਨਿਸ਼ਾਨਾ, ਜਨਮ ਮਰਨ ਤੋਂ ਮੁਕਤੀ ਹਾਸਿਲ ਕਰਨਾ ਹੈ । ਜੀਵ ਆਤਮਾ ਦਾ ਗਿਆਨ ਹੋਣ ਤੇ ਇਹ ਮਤਿ ਜਨਮ ਮਰਨ ਤੋਂ ਮੁਕਤੀ ਹੋਣਾ ਮੰਨਦੇ ਹਨ । ਜਨਮ ਮਰਨ ਤੋਂ ਮੁਕਤ ਰੂਹਾਂ ਦਾ ਵਾਸਾ ਗਿਆਨ ਖੰਡ ਵਿਖੇ ਹੁੰਦਾ ਹੈ । ਇਨ੍ਹਾਂ ਮੱਤਾਂ ਲਈ- ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ ਦਾ ਸਫਰ ਹਾਲੇ ਬਾਕੀ ਹੈ । ਨਿਰੰਕਰ ਵਿੱਚ ਕਿਸੀ ਵੀ ਮੱਤਿ ਦੀ ਸਮਾਈ ਨਹੀਂ ਹੋਈ । ਨਤੀਜਾ ਇਹ ਕਿ ਸਾਰੀ ਹੀ ਮਾਨਵਤਾ ਉਧਾਰ ਨਿਸਤਾਰੇ ਜਾਂ ਕਲਿਆਨ ਤੋਂ ਵਾਂਝੀ ਦੀ ਵਾਂਝੀ ਹੀ ਰਹੀ ।

## *ਅਕਾਲ-ਪੁਰਖ ਤੱਕ ਪਹੁੰਚ ਹੋਵੇ ਤਾਂ ਕਿਵੇਂ ?*

ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ ॥

*(ਪੰਨਾ ੩੪੧)*

ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ *(ਪੰਨਾ ੯੫੪)*

ਵਾਹਿਗੁਰੂ ਗੁਰ ਸ਼ਬਦ ਲੈ ਪਿਰਮ ਪਿਆਲਾ ਚੁਪ ਚਬੋਲਾ ॥ *(ਵਾਰਾਂ ਭਾਈ ਗੁਰਦਾਸ ੪/੧੭)*

ਇਨ੍ਹਾਂ ਫਰਮਾਨਾਂ ਤੋਂ ਪਤਾ ਚਲਦਾ ਹੈ ਕਿ ਸ਼ਬਦ 'ਵਾਹਿਗੁਰੂ', ਗੁਰ ਸ਼ਬਦ ਹੈ ਜਿਸ ਦੀ ਕੁੰਜੀ ਲਾਇਆ, ਦਸਮ ਦੁਆਰ ਖੁਲਦਾ ਹੈ । ਗੁਰ-ਸ਼ਬਦ ਰੂਪੀ ਕੁੰਜੀ ਸਤਿਗੁਰੂ ਦੇ ਹੱਥ ਹੈ । ਸਤਿਗੁਰੂ ਤੋਂ ਬਗੈਰ ਇਹ ਕੁੰਜੀ ਹੋਰ ਕਿਸੀ ਵੀ ਦਰੋਂ ਘਰੋਂ ਪ੍ਰਾਪਤ ਨਹੀਂ ਹੁੰਦੀ । ਸਤਿਗੁਰੂ ਤੋਂ ਪ੍ਰਾਪਤ ਕੀਤੀ ਗੁਰ ਸ਼ਬਦ 'ਵਾਹਿਗੁਰੂ' ਰੂਪੀ ਕੁੰਜੀ ਲਾਇਆ, ਦਸਮ - ਦੁਆਰ ਖੁਲਦਾ ਹੈ । ਦਸਮ-ਦੁਆਰ ਦੇ ਖੁਲਿਆਂ 'ਦਇਆਲ' ਜੀ ਭਾਵ ਅਕਾਲ ਪੁਰਖ ਦੇ

ਦਰਸ਼ਨ ਹੁੰਦੇ ਹਨ ।'

## ਸ਼ਬਦ 'ਸਤਿਗੁਰੂ ਦਾ ਅਰਥ ਭਾਵ ਕੀ ਹੈ ?'

ਸ਼ਬਦ 'ਗੁਰੂ' ਦੋ ਸ਼ਬਦਾ 'ਗੁ' ਅਤੇ 'ਰੂ' ਦਾ ਸੁਮੇਲ ਹੈ । 'ਗੁ' ਦਾ ਅਰਥ ਹੈ ਅੰਧੇਰਾ ਅਤੇ 'ਰੂ' ਦਾ ਅਰਥ ਹੈ ਪ੍ਰਕਾਸ਼ । ਸ਼ਬਦ ਗੁਰੂ ਦਾ ਅਰਥ ਹੋਇਆ, ਉਹ ਹਸਤੀ ਜੋ ਅੰਧੇਰੇ ਵਿੱਚ ਪ੍ਰਕਾਸ਼ ਪੈਦਾ ਕਰ ਦੇਵੇ । ਸ਼ਬਦ 'ਸਤਿ' ਦਾ ਅਰਥ ਹੈ, ਉਹ ਹਸਤੀ ਜੋ ਹਮੇਸ਼ਾ ਹਮੇਸ਼ਾ ਹੀ ਕਾਇਮ ਰਹੇ । ਸ਼ਬਦ 'ਸਤਿਗੁਰੂ' ਦਾ ਅਰਥ ਹੋਇਆ, ਅੰਧੇਰੇ ਵਿੱਚ ਪ੍ਰਕਾਸ਼ ਕਰਨੇ ਵਾਲੀ ਐਸੀ ਹਸਤੀ ਜੋ ਤ੍ਰੈ ਕਾਲ (ਭੂਤ, ਭਵਿੱਖ ਅਤੇ ਵਰਤਮਾਨ) ਕਾਇਮ ਰਹੇ । ਕਦੇ ਵੀ ਖੈ ਨਾ ਹੋਵੇ ਜਾਂ ਕਦੇ ਵੀ ਨਸ਼ਟ ਨਾ ਹੋਵੇ । ਐਸੀ ਹਸਤੀ ਸੰਸਾਰ ਵਿੱਚ ਇਕ ਅਤੇ ਸਿਰਫ ਇਕ ਹੀ ਹੈ ਜੋ ਇਸ ਵਿਆਖਿਆ ਤੇ ਪੂਰੀ ਉਤਰ ਸਕਦੀ ਹੈ । ਉਹ ਹੈ ਬ੍ਰਹਮ, ਪਰਮ ਆਤਮਾ, ਅਕਾਲ ਪੁਰਖ, ਅੱਲਾਹ ਜਾਂ God, ਇਸ ਬਿਆਨ ਕੀਤੀ ਗਈ ਹਸਤੀ ਤੋਂ ਇਲਾਵਾ ਸੰਸਾਰ ਦੀ ਹਰ ਸ਼ੈਅ ਜਾਂ ਹਸਤੀ, ਆਵਣ ਜਾਣੀ ਹੈ । ਇਸ ਲਈ 'ਸਤਿਗੁਰੂ' ਸਿਰਫ ਅਕਾਲ ਪੁਰਖ ਹੀ ਹੋ ਸਕਦਾ ਹੈ -

ਜਾ ਤਿਸੁ ਭਾਵੈ ਤਾਂ ਸ੍ਰਿਸਟਿ ਉਪਾਏ ॥ ਆਪਨੈ ਭਾਣੈ ਲਏ ਸਮਾਏ ॥

(ਸੁਖਮਣੀ ੨੨/੧)

ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰੁ ॥

(ਸੁਖਮਣੀ ੨੩/੫)

ਸੁਖਮਣੀ ਸਾਹਿਬ ਦੀ ਬਾਣੀ ਦੇ ਇਨ੍ਹਾਂ ਫਰਮਾਨਾਂ ਤੋਂ ਸਾਫ ਸਪਸ਼ਟ ਹੈ ਕਿ 'ਏਕੰਕਾਰੁ' ਨੂੰ ਜਦੋਂ ਭਾਉਂਦਾ ਹੈ ਤਾਂ ਉਹ ਬਿਸਥਾਰ ਕਰ ਦਿੰਦਾ ਹੈ । ਇਸ ਵਿਸਥਾਰ ਦੀ ਕਿਰਿਆ ਵੇਲੇ ਸ੍ਰਿਸ਼ਟੀ ਦੀ ਉਤਪਤੀ ਹੁੰਦੀ ਹੈ । ਜਦੋਂ ਉਹ, ਇਸ ਸਾਰੀ ਉਤਪਤੀ ਨੂੰ ਸਮੇਟ ਕੇ ਆਪਣੇ ਆਪ ਵਿੱਚ ਸਮੋ ਲੈਂਦਾ ਹੈ ਤਾਂ ਉਹ ਫੇਰ ਇਕ ਦਾ ਇਕ 'ਏਕੰਕਾਰੁ' ਹੀ ਹੋ ਬੈਹੰਦਾ ਹੈ । ਇਨ੍ਹਾਂ ਦੋ ਗੁਰ ਫ਼ੁਰਮਾਨਾਂ ਤੋਂ ਸਾਫ ਸਪਸ਼ਟ ਹੁੰਦਾ ਹੈ ਕਿ ਸਿਰਫ ਇਕ 'ਏਕੰਕਾਰੁ' ਤੋਂ ਬਗੈਰ, ਹਰ ਸ਼ੈ ਆਖੋ ਜਾਂ ਹਸਤੀ, ਸਭ ਆਵਣ ਜਾਣੀ ਹੈ, ਆਉਣੇ ਜਾਣੇ ਵਾਲੀ ਸ਼ੈ ਜਾਂ ਹਸਤੀ 'ਸਤਿ' ਨਹੀਂ ਹੁੰਦੀ, ਉਹ 'ਅਸਤਿ' ਹੁੰਦੀ ਹੈ । ਪਰ 'ਸਤਿਗੁਰੂ' ਤਾਂ 'ਸਤਿ' ਹੈ। 'ਅਸਤਿ' ਨਹੀਂ, ਇਸ ਲਈ ਹਮੇਸ਼ਾ ਕਾਇਮ ਰੈਹਣੇ ਵਾਲੀ 'ਸਤਿ' ਹਸਤੀ, 'ਏਕੰਕਾਰੁ' ਅਕਾਲ ਪੁਰਖ ਬ੍ਰਹਮ ਅਲਾਹ ਜਾਂ God ਹੀ ਸਤਿਗੁਰੂ ਹੈ, ਇਸ ਲਈ ਇਸ ਇਕ ਹਸਤੀ ਤੋਂ ਬਗੈਰ ਹੋਰ ਕੋਈ ਦੂਸਰੀ ਹਸਤੀ ਨਾ ਹੀ ਸਤਿਗੁਰੂ ਹੈ ਅਤੇ ਨਾ ਹੀ, ਅਗੋਂ ਲਈ ਵੀ ਕਦੀ ਹੋਰ ਹਸਤੀ ਸਤਿਗੁਰੂ ਹੋ ਸਕਦੀ ਹੈ । ਕਲਗੀਧਰ ਜੀ ਆਪਣੀ ਬਾਣੀ 'ਬੇਨਤੀ ਚੌਪਈ' ਵਿੱਚ ਫ਼ੁਰਮਾਉਂਦੇ ਹਨ :

ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝੀਯਹੁ ਹਮਾਰਾ ॥

(ਬੇਨਤੀ ਚੌਪਈ-੯)

ਕਲਗੀਧਰ ਜੀ ਨੇ 'ਆਦਿ ਅੰਤਿ ਏਕੈ ਅਵਤਾਰਾ' ਭਾਵ ਅਕਾਲ ਪੁਰਖ ਨੂੰ ਗੁਰੂ ਮੰਨਿਆ ਹੈ । ਸਿੱਧ ਗੋਸ਼ਟ ਬਾਣੀ ਅੰਦਰ ਸਿੱਧਾਂ ਨੇ ਸਾਹਿਬ ਗੁਰੂ ਨਾਨਕ ਦੇਵ ਜੀ ਤੋਂ ਪੁਛਿਆ ਸੀ ਕਿ -

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥

(ਪੰਨਾ ੯੪੨)

ਗੁਰੂ ਨਾਨਕ ਦੇਵ ਜੀ ਨੇ ਅੱਗੋਂ ਉਤਰ ਦਿੱਤਾ ਕਿ-

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥

(ਪੰਨਾ ੯੪੩)

ਭਾਈ ਗੁਰਦਾਸ ਜੀ ਨੇ ਆਪਣੀ ਵਾਰਾਂ ਦੀ ਬਾਣੀ ਵਿੱਚ ਵਾਰ ਨੰ: 12 ਅੰਦਰ ਅਕਾਲ ਪੁਰਖ ਦੇ ਤਿੰਨ ਰੂਪ ਬਿਆਨ ਕੀਤੇ ਹਨ- 'ਨਿਰੰਕਰ', 'ਜੋਤਿ' ਅਤੇ 'ਵਾਹਿਗੁਰੂ' ਗੁਰ ਸ਼ਬਦ। ਵਾਰ ਨੰ: 26 ਵਿੱਚ 'ਗੁਰਸ਼ਬਦ' ਨੂੰ 'ਸਬਦ ਧੁਨ' ਕਰਕੇ ਬਿਆਨਿਆ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਨਿਰੰਕਾਰ ਦੇ ਤੀਸਰੇ ਸਰੂਪ 'ਸ਼ਬਦ' ਨੂੰ ਗੁਰੂ ਮੰਨਿਆ ਹੈ । ਦਸੋਂ ਹੀ ਗੁਰੂ ਸਾਹਿਬਾਨ ਵਿੱਚ ਜੋਤਿ ਗੁਰੂ ਨਾਨਕ ਦੇਵ ਜੀ ਦੀ ਹੀ ਵਿਚਰਦੀ ਸੀ, ਇਸ ਲਈ ਦਸੋਂ ਹੀ ਗੁਰੂ ਸਾਹਿਬਾਨ ਨੇ 'ਵਾਹਿਗੁਰੂ' ਗੁਰ ਸ਼ਬਦ ਨੂੰ ਗੁਰੂ ਮੰਨਿਆ ਹੈ।

## ਗੁਰਬਾਣੀ ਵਿੱਚੋਂ ਵੰਨਗੀ ਮਾਤ੍ਰ ਕੁਝ ਪ੍ਰਮਾਣ-

ਸਤਿਗੁਰ ਮੇਰਾ ਸਦਾ ਸਦਾ ਨ ਆਵੈ ਨ ਜਾਇ ॥
ਓਹ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥

*(ਪੰਨਾ ੭੫੯)*

ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥

*(ਪੰਨਾ ੧੪●੬)*

ਸਤਿਗੁਰੁ ਦੇਉ ਪਰਤੱਖ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥

*(ਪੰਨਾ ੧੨੬੪)*

ਇਨ੍ਹਾਂ ਗੁਰ-ਫ਼ਰਮਾਨਾ ਦੀ ਰੌਸ਼ਨੀ ਵਿੱਚ ਸਾਫ਼ ਸਿੱਧ ਹੈ ਕਿ ਅਕਾਲ ਪੁਰਖ ਹੀ ਸਤਿਗੁਰੂ ਹੈ । ਅੱਜ ਕਲ ਹਰ ਕੋਈ ਸਤਿਗੁਰੂ ਬਣ ਬਣ ਬੈਠ ਜਾਂਦਾ ਹੈ । ਬਹੁਤੀ ਲੰਮੀ ਚੌੜੀ ਵਿਚਾਰ ਦੀ ਲੋੜ ਨਹੀਂ ਹੈ । ਆਪੋਂ ਬਣ ਬੈਠੇ ਸਤਿਗੁਰੂ, ਉਪਰ ਦਿੱਤੇ ਫਰਮਾਨਾਂ ਦੀ ਰੌਸ਼ਨੀ ਵਿੱਚ ਆਪਣੇ ਆਪ ਨੂੰ ਪਰਖ ਲੈਣ ਕਿ ਉਹ ਇਸ ਕਸਵੱਟੀ ਤੇ ਕਿਤਨੇ ਕੁ ਪੂਰੇ ਉਤਰਦੇ ਹਨ ? ਉਹ ਸਤਿਗੁਰੂ ਹਨ ਵੀ ਜਾਂ ... ।

## ਸਤਿਗੁਰੂ ਦੀ ਭੂਮਿਕਾ (Roll) ਕਿਆ ਹੈ ?

ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ ॥
ਦੀਨ ਦਇਆਲਿ ਮਿਲਾਇਓ ਗੁਰੁ ਸਾਧੂ, ਗੁਰਿ ਮਿਲਿਐ ਹੀਰੁ ਪਰਾਖਾ ॥

*(ਪੰਨਾ ੬੯੬)*

ਮੇਰੇ ਮਨ ਅੰਦਰ ਗੁਪਤ ਹੀਰਾ (ਨਾਮ) ਰਖਿਆ ਹੋਇਆ ਹੈ, ਦੀਨ ਦਇਆਲ ਅਕਾਲ-ਪੁਰਖ ਨੇ ਗੁਰੂ ਰੂਪੀ ਸਾਧੂ (ਸਤਿਗੁਰੂ) ਨਾਲ ਮਿਲਾਪ ਕਰਾ ਦਿੱਤਾ । ਗੁਰੂ ਦੇ ਮਿਲਾਪ ਹੋਣ ਤੇ ਗੁਪਤ ਹੀਰਾ ਪਰਖਿਆ ਗਿਆ। ਭਾਵ ਸਤਿਗੁਰੂ ਜੀ ਨੇ ਸਾਡੇ ਅੰਦਰ ਮੌਜੂਦ 'ਨਾਮ ਸ਼ਕਤੀ' ਦੀ ਪਹਿਚਾਣ ਕਰ ਲਈ ।

ਅੰਤਰਿ ਨਾਮੁ ਨਿਧਾਨੁ ਹੈ ਪੂਰੇ ਸਤਿਗੁਰਿ ਦੀਆ ਦਿਖਾਈ ॥

*(ਪੰਨਾ ੪੨੫)*

ਹਉ ਬਲਿਹਾਰੀ ਸਤਿਗੁਰ ਆਪਨੇ ਜਿਨਿ ਗੁਪਤੁ ਨਾਮੁ ਪਰਗਾਝਾ ॥

*(ਪੰਨਾ ੬੯੭)*

ਉਪਰ ਦਿੱਤੇ ਫ਼ਰਮਾਨ ਇਸ ਹਕੀਕਤ ਵੱਲ ਸੰਕੇਤ ਕਰਦੇ ਹਨ ਕਿ ਸਾਡੇ ਅੰਦਰ ਨਾਮ ਦਾ ਜੋ ਖਜ਼ਾਨਾ ਮੌਜੂਦ ਹੈ, ਪੂਰੇ ਸਤਿਗੁਰੂ ਨੇ ਉਸ ਖਜਾਨੇ ਨੂੰ ਗੁਪਤੋਂ ਪ੍ਰਗਟ ਕਰਕੇ ਮੈਨੂੰ ਦਿਖਾ ਦਿੱਤਾ। ਮੈਂ ਆਪਣੇ ਸਤਿਗੁਰੂ ਦੇ ਵਾਰਨੇ ਬਲਿਹਾਰਨੇ ਜਾਂਦਾ ਹਾਂ ਜਿਸ ਨੇ ਨਾਮ ਦੇ ਇਸ ਖਜ਼ਾਨੇ ਨੂੰ ਗੁਪਤੋਂ ਪ੍ਰਗਟ ਕਰ ਦਿੱਤਾ।

## ਸਤਿਗੁਰੂ ਦਾ ਰੋਲ ਅਕਾਲ ਪੁਰਖ ਨੇ ਆਪਣੇ ਹੱਥ ਹੀ ਕਿਉਂ ਰੱਖਿਆ ਹੋਇਆ ਹੈ ?

ਇਹ ਗੁਰਮਤਿ ਫਿਲਾਸਫੀ ਦਾ ਇਕ ਅਤਿਅੰਤ ਜ਼ਰੂਰੀ ਸਵਾਲ ਹੈ ਜਿਸ ਵੱਲ ਸਾਡੇ ਵਿਦਵਾਨਾਂ ਨੇ ਬਹੁਤ ਘੱਟ ਧਿਆਨ ਦਿੱਤਾ ਹੈ । ਇਸ ਸਵਾਲ ਦਾ ਉਤਰ ਵੀ ਅਤਿ ਗੰਭੀਰ ਹੈ ਜਿਸ ਨੂੰ ਖਾਸ ਧਿਆਨ ਦੇ ਕੇ ਸਮਝਣੇ ਦੀ ਲੋੜ ਹੈ ।

'ਅੰਤਰ ਨਾਮ ਨਿਧਾਨ ਹੈ', ਭਾਵ 'ਨਾਮ ਦਾ ਖਜ਼ਾਨਾ', ਸਾਡੇ ਅੰਦਰ, 'ਵਾਹਿਗੁਰੂ' ਸ਼ਬਦ ਦੀ ਆਵਾਜ਼ ਦੇ ਰੂਪ ਵਿੱਚ ਮੌਜੂਦ ਹੈ, 'ਸ਼ਬਦ ਦੀ ਆਵਾਜ਼' ਸ਼ਕਤੀ ਹੈ । Energy ਹੈ, ਸ਼ਕਤੀ, 'ਅਚਲ ਮੂਰਤਿ' ਜਾਂ Motionless ਹਾਲਤ ਵਿੱਚ unmenifested, Potential ਜਾਂ ਗੁਪਤ ਰੂਪ ਵਿੱਚ ਹੁੰਦੀ ਹੈ, ਹੁਣ ਇਸ ਗੁਪਤ ਸ਼ਕਤੀ ਜਾਂ ਅਕਾਲ ਪੁਰਖ ਨੂੰ ਹਰਕਤ ਵਿੱਚ ਲਿਆ, ਅਚੱਲ ਮੂਰਤਿ ਨੂੰ ਚਲਾਇਮਾਨ ਕਰ ਜਾਂ vibrate ਕੀਤਿਆਂ ਹੀ ਇਸ ਨੂੰ kinetic ਜਾਂ Dynamic ਸ਼ਕਤੀ ਵਿੱਚ ਬਦਲੀ ਕੀਤਾ ਜਾ ਸਕਦਾ ਹੈ। ਭਾਵ ਗੁਪਤੋਂ ਪ੍ਰਗਟ ਕੀਤਾ ਜਾ ਸਕਦਾ ਹੈ । ਸ਼ਕਤੀ ਜਾਂ Energy ਜਦੋਂ Potencial ਜਾਂ Motionless (ਅਚਲ ਮੂਰਤਿ) ਹਾਲਤ ਵਿੱਚ ਹੁੰਦੀ ਹੈ ਤਾਂ ਇਸ ਨੂੰ ਨਿਰਗੁਣ ਬ੍ਰਹਮ ਜਾਂ ਨਿਰੰਕਾਰ ਆਖਦੇ ਹਾਂ । ਜਦੋਂ ਇਹ ਹੀ ਸ਼ਕਤੀ ਹਰਕਤ ਵਿੱਚ ਆਉਂਦੀ ਹੈ ਤਾਂ ਇਹ ਨਿਰਗੁਣ ਜਾਂ ਨਿਰੰਕਾਰ ਨਹੀਂ ਰਹਿੰਦੀ । ਇਹ ਹੀ ਸ਼ਕਤੀ ਸਰਗੁਣ ਬ੍ਰਹਮ, ਸਾਕਾਰ ਜਾਂ ਜੋਤਿ ਅਤੇ ਨਾਮ (ਵਾਹਿਗੁਰੂ ਦੀ ਆਵਾਜ਼) ਵਿੱਚ ਪਲਟੀ ਹੋ ਜਾਂਦੀ ਹੈ । ਇਸ ਛੋਟੀ ਜੇਹੀ ਵਿਚਾਰ ਦਾ ਸਾਫ ਅਤੇ ਸਪਸ਼ਟ ਅਰਥ ਇਹ ਹੋਇਆ ਕਿ ਅਸੀਂ ਆਪਣੇ ਅੰਦਰ ਮੌਜੂਦ ਨਿਰਗੁਣ ਬ੍ਰਹਮ ਨੂੰ, ਹਰਕਤ ਵਿੱਚ ਲਿਆ, ਸਰਗੁਣ ਬ੍ਰਹਮ ਵਿੱਚ ਬਦਲੀ ਕਰਨਾ ਚਾਹੁੰਦੇ ਹਾਂ । ਸਾਇੰਸ ਦਾ Law of Motion ਇਹ ਆਖਦਾ ਹੈ ਕਿ Static ਹਾਲਤ ਵਿੱਚ ਮੌਜੂਦ ਕਿਸੀ ਵੀ ਸ਼ੈ ਨੂੰ ਜੇ ਅਸੀਂ ਹਿਲਾਉਣਾ ਜੁਲਾਉਣਾ ਹੋਵੇ ਜਾਂ ਹਰਕਤ ਵਿੱਚ ਲਿਆਉਣਾ ਹੋਵੇ ਤਾਂ ਸਾਨੂੰ ਉਸ ਸ਼ੈ ਦੇ ਵਜ਼ਨ ਤੋਂ ਵੱਧ ਵਜ਼ਨ ਦੀ, ਤਾਕਤ ਦੀ ਲੋੜ ਪੈਂਦੀ ਹੈ । ਉਸ ਸ਼ੈ ਦੇ ਵਜ਼ਨ ਤੋਂ ਘੱਟ ਵਜ਼ਨ ਦੀ ਤਾਕਤ ਉਸ ਨੂੰ ਹਿਲਾ ਨਹੀਂ ਸਕਦੀ । ਵਜ਼ਨ ਅਤੇ ਤਾਕਤ ਦੇ ਆਪੋ ਵਿੱਚ ਮੁਕਾਬਲੇ ਦਾ ਅਰਥ ਕਿਆ ? ਤੁਸੀਂ ਇਕ Spring Balance ਲੈ ਕੇ ਕੁਝ ਉਚੀ ਥਾਂ ਤੇ ਲਟਕਾ ਦਿਉ । ਉਸ ਦੀ ਨਿਚਲੀ ਹੁਕ ਨੂੰ ਰੱਸਾ ਬੰਨ੍ਹ ਕੇ, ਰੱਸੇ ਨੂੰ ਖਿਚੋ। ਪੂਰਾ ਜ਼ੋਰ ਲਗਾ ਦਿਓ । ਕੰਡੇ ਦੀ ਸੂਈ ਨੂੰ ਦੇਖੋ ਕਿ ਕਿਤਨੇ ਕਿਲੋ ਤੱਕ ਪਹੁੰਚੀ ਹੈ । ਜਿਤਨੇ ਕਿਲੋ ਤਕ ਸੂਈ ਪਹੁੰਚੀ ਹੋਵੇ ਉਤਨੇ ਕਿਲੋ ਵਜ਼ਨ ਖਿਚਣ ਦੀ ਤੁਹਾਡੀ ਤਾਕਤ ਹੈ, ਉਸ ਤੋਂ ਵੱਧ ਵਜ਼ਨ ਨੂੰ ਤੁਸੀਂ ਖਿੱਚ ਨਹੀਂ ਸਕਦੇ ।

ਉਪਰ ਲਿਖੀ ਵਿਚਾਰ ਅਨੁਸਾਰ ਅਸੀਂ ਆਪਣੇ ਅੰਦਰ, ਗੁਪਤ ਹਾਲਤ ਵਿੱਚ ਮੌਜੂਦ ਨਿਰਗੁਣ ਬ੍ਰਹਮ ਨੂੰ ਹਰਕਤ ਵਿੱਚ ਲਿਆ ਸਰਗੁਣ ਬ੍ਰਹਮ ਵਿੱਚ ਬਦਲੀ ਕਰਨਾ ਚਾਹੁੰਦੇ ਹਾਂ । ਇਸ ਕੰਮ ਨੂੰ ਸਿਰੇ ਚਾੜ੍ਹਨੇ ਲਈ, ਸਾਡੇ ਪਾਸ ਬ੍ਰਹਮ ਤੋਂ ਵੱਡੀ ਕੋਈ ਤਾਕਤ ਹੋਵੇ ਤਾਂ ਹੀ ਅਸੀਂ ਨਿਰਗੁਣ ਬ੍ਰਹਮ ਨੂੰ ਹਿਲਾ ਸਕਾਂਗੇ। ਬ੍ਰਹਮ ਤੋਂ ਵੱਡੀ ਤਾਕਤ ਸੰਸਾਰ ਵਿੱਚ ਕੋਈ ਹੈ ਨਹੀਂ। ਛੋਟੀ ਤਾਕਤ ਬ੍ਰਹਮ ਨੂੰ ਹਰਕਤ ਵਿੱਚ ਲਿਆ ਨਹੀਂ ਸਕਦੀ । 'ਅੰਤਰ ਨਾਮ ਨਿਧਾਨ' ਨੂੰ ਆਪਣੇ ਅੰਦਰੋਂ ਗੁਪਤੋਂ ਪ੍ਰਗਟ ਕਿਵੇਂ ਕੀਤਾ ਜਾਵੇ ? ਨਾ ਨੌਂ ਮਣ ਤੇਲ ਹੋਵੇ, ਨਾਂ ਰਾਧਾ ਨੱਚੇ । ਨਾ ਬ੍ਰਹਮ ਤੋਂ ਵੱਡੀ ਕੋਈ ਤਾਕਤ ਮਿਲੇ ਅਤੇ ਨਾ ਹੀ ਅੰਦਰੋਂ 'ਨਾਮ ਨਿਧਾਨ' ਪ੍ਰਗਟ ਹੋਵੇ । ਹੁਣ ਕਿਆ ਕਰੀਏ ? ਕੁਛ ਕਰ ਨਹੀਂ ਸਕਦੇ । ਸਿਰਫ ਇਕੋ ਇਕ ਇਹ ਰਾਹ ਹੀ ਬਾਕੀ ਰਹਿ ਗਿਆ ਹੈ ਕਿ ਬ੍ਰਹਮ ਹੀ ਕ੍ਰਿਪਾ ਕਰੇ । ਆਪ ਹੀ ਆਪਣੇ ਆਪ ਨੂੰ ਹਰਕਤ ਵਿੱਚ ਲਿਆ, ਨਿਰਗੁਣ ਬ੍ਰਹਮ ਤੋਂ ਸਰਗੁਣ ਬ੍ਰਹਮ ਵਿੱਚ ਬਦਲੀ ਹੋਵੇ ਤਾਂ ਹੋਵੇ ਨਹੀਂ ਤਾਂ ਹੋਰ ਕੋਈ ਰਾਹ ਬਾਕੀ ਰਹਿ ਨਹੀਂ ਗਿਆ ।

ਉਪਰ ਜ਼ਿਕਰ ਚਲ ਰਿਹਾ ਸੀ ਕਿ 'ਸਤਿਗੁਰੂ ਦਾ ਰੋਲ ਅਕਾਲ ਪੁਰਖ ਨੇ ਆਪਣੇ ਹੱਥ ਕਿਉਂ ਰੱਖਿਆ ਹੋਇਆ ਹੈ ?' ਨਾਮੁ ਨਿਧਾਨ ਨੂੰ ਗਪਤੋਂ ਪ੍ਰਗਟ ਕਰਨਾ ਸਤਿਗੁਰੂ ਜੀ ਦਾ ਰੋਲ ਹੈ । ਉਪਰ ਲਿਖੀ ਵਿਚਾਰ ਜੋ ਆਪ ਜੀ ਨੇ ਪੜ੍ਹੀ ਹੈ ਉਸ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ -

"ਸਤਿਗੁਰੂ ਦੀ ਭੂਮਿਕਾ ਅਕਾਲ ਪੁਰਖ ਆਪ ਹੀ ਨਿਭਾਏ ਤਾਂ ਨਿਭਾਏ, ਨਹੀਂ ਤਾਂ ਹੋਰ ਵੱਡੇ ਤੋਂ ਵੱਡਾ ਕੋਈ ਵੀ ਦੇਵੀ ਦੇਵਤਾ, ਪੀਰ ਪੈਗੰਬਰ ਜਾਂ ਵਲੀ ਔਲੀਆ ਐਸਾ ਨਹੀਂ ਜੋ ਇਸ ਭੂਮਿਕਾ ਨੂੰ ਨਿਭਾ ਸਕੇ। ਇਸ ਲਈ ਸਤਿਗੁਰੂ ਹੈ ਤਾਂ ਅਕਾਲ ਪੁਰਖ ਆਪ ਹੀ । ਅਕਾਲ ਪੁਰਖ ਤੋਂ ਬਗੈਰ, ਹੋਰ ਕੋਈ 'ਸਤਿਗੁਰੂ ਨਹੀਂ' ਹੈ ।"

## *ਅਕਾਲ ਪੁਰਖ ਸਤਿਗੁਰੂ ਦੀ ਭੂਮਿਕਾ ਕਿਵੇਂ ਨਿਭਾਉਂਦਾ ਹੈ ?*

ਇਸ ਪ੍ਰਸ਼ਨ ਦੇ ਉਤਰ ਲਈ, ਕਿਸੀ ਹਕੂਮਤ ਦੇ ਕਾਰ ਵਿਹਾਰ ਦੀ ਵਿਧੀ ਨਾਲ ਜੋੜ ਕੇ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ, ਕਿਸੀ ਵੀ ਹਕੂਤਮ ਦਾ ਪ੍ਰਾਈਮ ਮਨਿਸਟਰ, ਆਪਣੀ ਹਕੂਮਤ ਦਾ ਕੰਮ ਚਲਾਉਣ ਲਈ, ਕਈ ਹੋਰ ਮਨਿਸਟਰ ਮੁਕੱਰਰ ਕਰਦਾ ਹੈ । ਹਰ ਇਕ ਮਨਿਸਟਰ ਨੂੰ ਦੇਖ ਰੇਖ ਲਈ ਵੱਖੋ ਵੱਖ ਮਹਿਕਮੇ ਸੰਭਾਲ ਦਿੰਦਾ ਹੈ, ਜਿਸ ਮਹਿਕਮੇ ਨੂੰ ਉਹ ਬਹੁਤ ਜ਼ਰੂਰੀ ਸਮਝਦਾ ਹੈ, ਉਸ ਮਹਿਕਮੇ ਦੀ ਦੇਖ ਰੇਖ ਜਾਂ ਸੰਭਾਲ ਆਪਣੇ ਹੱਥ ਰੱਖਦਾ ਹੈ। ਇਸ ਤਰ੍ਹਾਂ ਹੀ ਅਕਾਲ ਪੁਰਖ ਨੇ ਆਪਣੀ ਕੁਦਰਤ ਦਾ ਨਿਜ਼ਾਮ ਚਲਾਉਣ ਲਈ, ਵੱਖੋ ਵੱਖ ਕੰਮਾਂ ਲਈ ਵੱਖੋ ਵੱਖ ਦੇਵਤੇ ਮੁਕਰਰ ਕੀਤੇ ਹੋਏ ਹਨ । ਜਿਵੇਂ ਕਿ-

ਇਕ ਸੰਸਾਰੀ ਇਕ ਭੰਡਾਰੀ, ਇਕ ਲਾਏ ਦੀਬਾਣੁ ॥

*(ਪੰਨਾ ੭)*

ਕਿਸੇ ਨੂੰ ਸੰਸਾਰ ਦੀ ਰਚਨਾ ਦਾ ਕੰਮ ਸੌਂਪਿਆ ਹੋਇਆ ਹੈ । ਕਿਸੀ ਦੇ ਜ਼ੁੰਮੇ ਪਰਵਰਿਸ਼ ਦਾ ਕੰਮ ਹੈ ਅਤੇ ਕੋਈ ਇਸ ਦੇ ਸੰਘਾਰ ਤੇ ਲਾਇਆ ਹੋਇਆ ਹੈ,

ਧਰਮ ਰਾਇ ਨੋ ਹੁਕਮੁ ਹੈ ਬਹਿ ਸੱਚਾ ਧਰਮੁ ਬੀਚਾਰਿ ॥

*(ਪੰਨਾ ੩੮)*

ਧਰਮ ਰਾਏ ਨੂੰ ਸੁਪਰੀਮ ਕੋਰਟ ਦੇ ਚੀਫ ਜਸਟਿਸ ਵਾਂਗੂੰ, ਸੰਸਾਰੀ ਜੀਵਾਂ ਦੇ ਕੀਤੇ ਹੋਏ ਕਰਮਾਂ ਤੇ ਗੌਰ ਕਰ ਕੇ, ਉਨ੍ਹਾਂ ਦੇ ਇਨਸਾਫ ਕਰਨੇ ਦਾ ਕੰਮ ਸੌਂਪਿਆ ਹੋਇਆ ਹੈ, ਇਸੀ ਤਰ੍ਹਾਂ ਹੀ ਜੀਵਾਂ ਦੇ ਉਧਾਰ ਨਿਸਤਾਰੇ ਦਾ ਕੰਮ ਬਹੁਤ ਜ਼ਰੂਰੀ ਹੋਣ ਦੇ ਕਾਰਨ, ਅਕਾਲ ਪੁਰਖ ਨੇ ਆਪਣੇ ਹੱਥ ਰਖਿਆ ਹੋਇਆ ਹੈ, ਉਸ ਨੇ ਆਪਣੀ ਹੀ ਖਾਸ ਅੰਸ਼ ਨੂੰ ਸੰਸਾਰ ਦੇ ਉਧਾਰ ਨਿਸਤਾਰੇ ਦਾ ਕੰਮ ਸੰਭਾਲਿਆ ਹੋਇਆ ਹੈ ।

ਅਕਾਲ ਪੁਰਖ ਦੀ ਇਹ ਖਾਸ ਅੰਸ਼ ਜਾਂ ਜੋਤਿ, ਜਿਸ ਦਿਨ ਤੋਂ ਸੰਸਾਰ ਦੀ ਰਚਨਾ ਹੋ, ਇਸ ਤੇ ਇਨਸਾਨ ਦੀ ਹੋਂਦ, ਵਜੂਦ ਵਿੱਚ ਆਈ ਹੈ ਉਸੀ ਦਿਨ ਤੋਂ ਹੀ ਸੰਸਾਰ ਦੇ ਜੀਵਾਂ ਦਾ ਉਧਾਰ ਨਿਸਤਾਰਾ ਕਰਦੀ ਆ ਰਹੀ ਹੈ। ਅਕਾਲ ਪੁਰਖ ਦੀ ਇਸ ਅੰਸ਼ ਜਾਂ ਜੋਤਿ ਨੂੰ ਸਤਿਗੁਰੂ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ, ਸੰਸਾਰ ਵਿੱਚ ਇਨਸਾਨੀ ਹੋਂਦ, ਵਜੂਦ ਵਿੱਚ ਆਈ ਨੂੰ, ਇਲਮ ਜੋਤਸ਼ ਅਨੁਸਾਰ, ਲਗਭਗ ਕੋਈ ਦੋ ਅਰਬ ਸਾਲ ਦਾ ਸਮਾਂ ਹੋ ਗਿਆ ਹੈ, ਅਕਾਲ ਪੁਰਖ ਦੀ 'ਸਤਿਗੁਰੂ' ਜੋਤਿ ਕੋਈ ਦੋ ਅਰਬ ਸਾਲ ਤੋਂ ਹੀ ਕਿਸੀ ਨਾ ਕਿਸੀ ਧਰਤੀ ਦੇ ਲੋਕਾਂ ਦਾ ਉਧਾਰ ਨਿਸਤਾਰਾ ਕਰਦੀ ਆ ਰਹੀ ਹੈ। ਪਤਾ ਨਹੀਂ ਕਿ ਅੱਜ ਤੱਕ ਉਹ ਸਤਿਗੁਰੂ ਜੋਤਿ ਕਿਤਨੀ ਲੱਖਾਂ ਕਰੋੜਾਂ ਧਰਤੀਆਂ ਦੇ ਕਿਤਨੇ ਅਰਬਾਂ ਖਰਬਾਂ ਇਨਸਾਨਾਂ ਦਾ ਉਧਾਰ ਕਰ ਚੁੱਕੀ ਹੈ। ਇਹ ਹੀ ਜੋਤਿ, ਅੱਜ ਤੋਂ ਕੋਈ 535 ਸਾਲ ਪਹਿਲਾਂ, ਸਾਡੀ ਧਰਤੀ ਤੇ ਵੀ ਆਈ । ਇਥੇ 239 ਸਾਲ ਵਿਚਰ, ਆਪਣੀ ਜੋਤਿ ਨੂੰ ਦਸ ਵੱਖੋ ਵੱਖ ਜਾਮਿਆਂ ਵਿੱਚ ਪਲਟ, ਸਾਡੀ ਧਰਤੀ ਦੇ ਲੋਕਾਂ ਦੇ ਉਧਾਰ ਨਿਸਤਾਰੇ ਦਾ ਰਾਹ ਪੱਧਰਾ ਕੀਤਾ, ਦਸਵੇਂ ਜਾਮੇ ਪਿੱਛੋਂ, ਆਪਣੀ 'ਸਤਿਗੁਰੂ' ਜੋਤਿ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਪ੍ਰਵੇਸ਼ ਕਰ, ਕਿਸੀ ਹੋਰ ਧਰਤੀ ਦੇ ਲੋਕਾਂ ਦੇ ਕਲਿਆਣ ਹਿਤ, ਚਾਲੇ ਪਾ ਗਈ । ਅਕਾਲ ਪੁਰਖ ਦੀ ਇਸ ਜੋਤਿ ਨੂੰ ਇਸ ਧਰਤੀ ਤੇ 'ਸਤਿਗੁਰੂ ਨਾਨਕ ਦੇਵ ਜੀ' ਦੇ ਨਾਮ ਨਾਲ ਜਾਣਿਆਂ ਜਾਂਦਾ ਹੈ । ਇਸ ਵਿਚਾਰ ਤੋਂ ਸਾਫ ਤੌਰ ਤੇ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੀ 'ਸਤਿਗੁਰੂ' ਜੋਤਿ, ਸਿਰਫ ਸਿੱਖਾਂ ਦੀ ਹੀ ਗੁਰੂ ਨਹੀਂ, ਜਾਂ ਸਿਰਫ

ਸਾਡੀ ਧਰਤੀ ਦੇ ਲੋਕਾਂ ਦੀ ਹੀ ਗੁਰੂ ਨਹੀਂ, ਸਗੋਂ ਪੂਰੇ ਸੰਸਾਰ ਦੀ ਇਨਸਾਨੀ ਆਬਾਦੀ ਦੇ ਗੁਰੂ ਹਨ ।

ਸਤਿਗੁਰੂ ਨਾਨਕ ਦੇਵ ਜੀ, ਸਮੇਤ ਦਸੋਂ ਹੀ ਗੁਰੂ ਸਾਹਿਬਾਨ ਦੇ ਅੰਦਰ, ਅਕਾਲ ਪੁਰਖ ਦੀ ਜੋਤਿ ਹੀ ਕੰਮ ਕਰਦੀ ਸੀ, ਦੇ ਕੁਝ ਪ੍ਰਮਾਣ :

ਪਾਰ ਬ੍ਰਹਮ ਪੂਰਨ ਬ੍ਰਹਮ ਗੁਰੂ ਨਾਨਕ ਦੇਉ ॥

(ਵਾਰ ਭਾਈ ਗੁਰਦਾਸ ੧੩/੨੫)

ਨਾਨਕ ਸੋਧੇ ਸਿਮ੍ਰਿਤ ਬੇਦ ॥ ਪਾਰ ਬ੍ਰਹਮ ਗੁਰ ਨਾਹੀ ਭੇਦ ॥

(ਪੰਨਾ ੧੧੪੨)

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ ॥

(ਪੰਨਾ ੧੪•੮)

ਆਪ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲ ਕਰਿਯਉ ॥ (ਪੰਨਾ ੧੩੯੫)

ਇਸ ਵਿਸ਼ੇ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਵਿਚਾਰ, ਉਨ੍ਹਾਂ ਦੀ ਪੁਸਤਕ 'ਗੁਰਬਾਣੀ ਲਗ ਮਾਤ੍ਰਾਂ ਦੀ ਵਿਲਖਣਤਾ' ਵਿੱਚ ਇਸ ਪ੍ਰਕਾਰ ਹਨ ।

"ਗੁਰੂ ਨਾਨਕ ਸਾਹਿਬ ਅਜ਼ਲ ਅਬਦੀ ਗੁਰੂ ਹਨ ਆਦਿ ਜੁਗਾਦਿ ਸਤਿਗੁਰੂ ਹਨ, ਉਹ-

ਆਦਿ ਜੁਗਾਦੀ ਜੁਗਹ ਜੁਗ ਪੂਰਾ ਪ੍ਰਮੇਸਰ ॥

(ਪੰਨਾ ੩੯੫)

ਆਦਿ ਅਜ਼ਲ ਤੋਂ ਹੀ ਪ੍ਰਮੇਸਰ ਰੂਪ ਹਨ । ਨਿਰੰਕਾਰ ਪ੍ਰਮੇਸ਼ਵਰ ਨਾਲ ਮੁੱਢ ਤੋਂ ਹੀ ਅਭੇਦ ਹਨ । ਨਿਰੰਕਾਰ ਵੱਲੋਂ ਹਰ ਜੁਗ ਅੰਦਰ ਨਿਰੰਕਾਰ ਦਾ ਆਕਾਰੀ ਰੂਪ ਧਾਰ ਕੇ, ਗੁਰੂ ਨਾਨਕ ਨਿਰੰਕਾਰੀ ਸਭ ਜੁਗੀਂ ਜੀਵਾਂ ਦੇ ਉਧਾਰ ਲਈ ਆਉਂਦੇ ਰਹੇ ।"

ਇਸੀ ਲੇਖ ਵਿੱਚ ਪਿੱਛੇ ਜ਼ਿਕਰ ਆਇਆ ਸੀ ਕਿ ਇਸ ਸੰਸਾਰ ਨੂੰ ਤਿਆਗ ਜਾਣ ਤੋਂ ਪਹਿਲਾਂ ਕਲਗੀਧਰ ਜੀ ਨੇ ਆਪਣੀ 'ਸਤਿਗੁਰੂ ਜੋਤਿ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਪ੍ਰਵੇਸ਼ ਕਰ ਦਿੱਤੀ ਸੀ । ਇਸੀ ਵਿਚਾਰ ਦੀ ਪੁਸ਼ਟੀ ਸੋਢੀ ਹਰਭਜਨ ਸਿੰਘ ਜੀ ਦੀ ਪੁਸਤਕ 'ਭਜਨ ਬੰਦਗੀ ਦਾ ਪਰਤਾਪ' ਅੰਦਰ ਹੇਠ ਲਿਖੇ ਅਨੁਸਾਰ ਕੀਤੀ ਮਿਲਦੀ ਹੈ ।

"ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਲੋਪ ਹੋਣ ਤੋਂ ਪਹਿਲਾਂ ਆਪਣੀ ਕਾਇਆ ਪਲਟ ਲਈ ਤੇ ਜੋਤਿ ਸ੍ਰੀ ਅੰਗਦ ਦੇਵ ਵਿੱਚ ਹਲੂਲ ਦਿੱਤੀ,

ਜੋਤਿ ਉਹਾ ਜੁਗਤਿ ਸਾਇ ਸਹ ਕਾਇਆ ਫੇਰ ਪਲਟੀਐ ॥

(ਪੰਨਾ ੯੬੬)

ਪੰਜ ਪੈਸੇ ਤੇ ਨਾਰੀਅਲ ਉਨ੍ਹਾਂ ਅੱਗੇ ਰੱਖ ਕੇ ਮੱਥਾ ਟੇਕ ਦਿੱਤਾ । ਇਸੇ ਤਰ੍ਹਾਂ ਇਹ ਸਿਲਸਿਲਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੱਕ ਚਲਿਆ ਆਂਵਦਾ ਰਿਹਾ । ਇਕ ਗੁਰੂ ਜਾਣ ਲੱਗਾ, ਦੂਜੇ ਨੂੰ ਪੰਜ ਪੈਸੇ ਨਾਰੀਅਲ ਰੱਖ ਮੱਥਾ ਟੇਕਦਾ ਰਿਹਾ ਤੇ ਕਲਗੀਧਰ ਜੀ ਨੇ ਅਲੋਪ ਹੋਣ ਤੋਂ ਪਹਿਲਾਂ ਆਪਣੀ ਦੇਹ ਪੰਜਾਂ ਪਿਆਰਿਆਂ ਵਿੱਚ ਪਲਟ ਦਿੱਤੀ ਤੇ ਉਨ੍ਹਾਂ ਨੂੰ ਮੱਥਾ ਟੇਕ ਦਿੱਤਾ । ਆਪਣੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 27 ਸੰਮਤ ਕਤਕ ਵਦੀ ਦੂਜ ਵਾਲੇ ਦਿਨ ਪੰਜ ਪੈਸੇ ਨਾਰੀਅਲ ਰੱਖ ਕੇ ਹਲੂਲ ਦਿੱਤੀ ਤੇ ਮੱਥਾ ਟੇਕ ਦਿੱਤਾ। ਹੁਕਮ ਕੀਤਾ ਕਿ ਅਸਾਂ 1756 ਸੰਮਤ ਦੀ ਵੈਸਾਖੀ ਵਾਲੇ ਦਿਨ ਆਪਣੀ ਦੇਹ ਪੰਜਾਂ ਪਿਆਰਿਆਂ ਵਿਚ ਹਲੂਲ ਦਿੱਤੀ ਸੀ । ਅੱਜ ਆਪਣੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹਲੂਲ ਦਿੱਤੀ ਹੈ । ਅਗੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ

ਪੰਜ ਪਿਆਰੇ ਮੇਰਾ ਹੀ ਰੂਪ ਹੋਣਗੇ ਤੇ ਇਨ੍ਹਾਂ ਨੂੰ ਸਾਡੀ ਥਾਂ ਤੇ ਦੀਖਿਆ ਦੇਣ ਦਾ ਪੂਰਾ ਅਧਿਕਾਰ ਹੋਵੇਗਾ। ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ ਤੇ ਪੂਜਾ ਅਕਾਲ ਕੀ। ਇਹ ਤਿੰਨ ਚੀਜ਼ਾਂ ਦ੍ਰਿੜ੍ਹ ਕਰਵਾਈਆਂ। "ਇਮ ਕਹਿ ਕੇ ਗੁਰੂ ਗ੍ਰੰਥ ਕੋ ਪ੍ਰਕਾਸ਼ ਕਰਾਇਓ। ਪੈਸੇ ਪਾਂਚ ਨਰੇਲ ਲੈ ਤਿਸ ਅਗਰ ਟਿਕਾਇਓ।"

ਨਰਬਦ ਸਿੰਘ ਭਟ ਜੋ ਹਜ਼ੂਰ ਦਾ ਸਮਕਾਲੀ ਸੀ ਨੇ ਆਪਣੀ ਵਹੀ ਵਿੱਚ ਲਿਖਿਆ ਹੈ। ਭਾਦਸੋਂ ਪਰਗਣਾ ਥਨੇਸਰ ਗੁਰੂ ਗੋਬਿੰਦ ਸਿੰਘ ਜੀ ਮਹੱਲ ਦਸਵਾਂ ਬੇਟਾ ਗੁਰੂ ਤੇਗ਼ ਬਹਾਦਰ ਕਾ, ਪੋਤਾ ਗੁਰੂ ਹਰਗੋਬਿੰਦ ਜੀ, ਪੜੋਤਾ ਗੁਰੂ ਅਰਜਨ ਜੀ ਕਾ, ਬੰਸ ਗੁਰੂ ਰਾਮਦਾਸ ਜੀ ਕੀ, ਸੂਰਜ ਬੰਸੀ ਗੋਸਲ ਗੋਤਰ, ਸੋਢੀ, ਖੱਤਰੀ, ਵਾਸੀ ਅਨੰਦ ਪੁਰ ਪਰਗਣਾ ਕੈਹਲੂਰ, ਮੁਕਾਮ ਨੰਦੇੜ, ਤੱਟ ਗੋਦਾਵਰੀ ਦੇਸ਼ ਦਖਣ ਸੰਮਤ ਸਤਾਰਾਂ ਸੌ ਪੈਂਸਠ ਕੱਤਕ ਮਾਸ ਕੀ ਚੌਥ, ਸ਼ੁਕਲ ਪੱਖ ਬੁਧਵਾਰ ਦੇ ਦਿਨ ਭਾਈ ਦੈਆ ਸਿੰਘ ਨੂੰ ਬਚਨ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਆਓ। ਬਚਨ ਪਾਇਆ ਦੈਆ ਸਿੰਘ ਗ੍ਰੰਥ ਸਾਹਿਬ ਲੇ ਆਏ। ਗੁਰੂ ਜੀ ਨੇ ਪੰਜ ਪੈਸੇ ਨਾਰੀਅਲ ਅੱਗੇ ਭੇਟਾ ਰੱਖੇ, ਮੱਥਾ ਟੇਕਿਆ, ਸਰਬਤ ਸੰਗਤ ਸੇ ਕਹਾ, ਮੇਰਾ ਹੁਕਮ ਤੇ ਮੇਰੀ ਜਗਾਹ ਸ੍ਰੀ ਗੁਰੂ ਗੰਥ ਸਾਹਿਬ ਜੀ ਕੋ ਜਾਨਣਾ, ਜੋ ਸਿੱਖ ਜਾਣੇਗਾ ਉਸ ਕੀ ਘਾਲ ਥਾਇ ਪਏਗੀ। ਗੁਰੂ ਉਸ ਕੀ ਬਹੁੜੀ ਕਰੇਗਾ, ਸਤਕਰ ਮਾਨਣਾ।

ਆਪ ਜੀ ਥੋੜਾ ਅੱਗੇ ਚਲ ਕੇ ਹੋਰ ਲਿਖਦੇ ਹਨ ਕਿ

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੂ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

*(ਪੰਨਾ ੯੮੨)*

ਇਸ ਦਾ ਭਾਵ ਇਹ ਹੈ ਆਦਿ ਕਾਲ ਵਿਚ ਬਾਣੀ ਗੁਰੂ ਸੀ। ਉਸ ਬਾਣੀ ਸ਼ਬਦ ਨੇ ਗੁਰੂ ਨਾਨਕ ਦਾ ਰੂਪ ਧਾਰਨ ਕੀਤਾ ਤੇ ਗੁਰੂ ਨੇ ਜਾਂਦੀ ਵਾਰੀ ਆਪਣੇ ਆਪ ਨੂੰ ਬਾਣੀ ਵਿੱਚ ਹੀ ਸਮੋ ਦਿਤਾ ਤੇ ਅਲੋਪ ਹੋ ਗਏ। ਹੁਣ ਸਾਡਾ ਗੁਰੂ ਬਾਣੀ ਹੈ ਜੋ ਗੁਰਬਾਣੀ ਦੇ ਹੁਕਮ ਨੂੰ ਮੰਨਦਾ ਹੈ ਪ੍ਰਤੱਖ ਗੁਰੂ ਉਸ ਦਾ ਨਿਸਤਾਰਾ ਕਰਦਾ ਹੈ।

ਭਾਈ ਸਾਹਿਬ ਰਣਧੀਰ ਸਿੰਘ ਜੀ, ਪੁਸਤਕ 'ਨਾਮ ਤੇ ਨਾਮ ਦਾ ਦਾਤਾ ਸਤਿਗੁਰ' ਵਿੱਚ ਲਿਖਦੇ ਹਨ ਕਿ- "ਗੁਰਮੁਖ ਪੰਚ ਪਰਵਾਨ ਚੁਣ ਕਢੇ ਲਧੋਵਾਰਿਆਂ ਪਿਆਰਿਆਂ ਨੂੰ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜੋਤਿ ਜਾਮੇ ਅੰਦਰ ਦਸੇ ਗੁਰੂ ਪਾਤਸ਼ਾਹੀਆਂ ਦੇ ਦਿਬ ਜੋਤਿ ਸਰੂਪ ਦਿਦਾਰੇ ਪਰਤੱਖ ਹੁੰਦੇ ਹਨ ਅਤੇ ਹਰ ਕਿਸੇ ਅਧਿਕਾਰੀ ਅੰਮ੍ਰਿਤ ਅਧਿਕਾਰੀ ਜਨ ਨੂੰ ਪਰਤੱਖ ਕਰਾ ਸਕਦੇ ਹਨ।

ਸਤਿਗੁਰੂ ਦੀ ਜਾਗਤ ਜੋਤਿ ਕਲਾ, ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਰਤਦੀ ਹੈ, ਪ੍ਰੰਤੂ ਪ੍ਰਗਟ ਪਾਹਾਰੇ ਤਿਨ੍ਹਾਂ ਨੂੰ ਹੀ ਜਾਪਦੀ ਹੈ ਜਿਨ੍ਹਾਂ ਨਦਰ ਕਰੰਮੇ ਨਾਮ ਅਭਿਆਸ ਕਮਾਈ ਵਾਲੇ ਪ੍ਰਗਟ ਗੁਰਾਂ ਕੀ ਦੇਹ, ਦਸੇ ਗੁਰੂ ਸਾਹਿਬਾਨ ਦਾ ਜੋਤਿ ਜਲਵੀ ਪ੍ਰਤੱਖ ਸਰੂਪ ਨਜ਼ਰ ਆਉਂਦੇ ਹਨ। ... ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਕਾਰ ਜਾਮਾ, ਜੋਤਿ ਜਲਵਨੀ ਜਲਾਲ ਦਾ ਡਲ੍ਹਕਾਂ ਮਾਰਦਾ ਨੂਰ ਜ਼ਹੂਰੀ ਸਾਖਸ਼ਾਤ ਸੋਮਾ ਪ੍ਰਗਟ ਪਾਹ-ਰੇ ਜਾਪਦਾ ਪਰਤੀਤ ਹੋਇਆ ਹੈ ...। ਅੰਮ੍ਰਿਤ ਦੀ ਰਸਾਇਣ ਸ਼ਕਤ ਵਾਲੀ ਬਸ ਇਕੋ ਹੀ ਬਾਣੀ, ਗੁਰਬਾਣੀ ਹੈ। ਇਸ ਗੁਰੂ ਰੂਪ ਬਾਣੀ ਨੂੰ, ਇਸ ਗੁਰੂ ਰੂਪ ਅੰਮ੍ਰਿਤ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ 'ਸਤਿਗੁਰੂ' ਪਦ ਪ੍ਰਾਪਤ ਹੈ।" ਗੁਰਵਾਕ-

ਇਕਾ ਬਾਣੀ, ਇਕੁ ਗੁਰ, ਇਕੋ ਸਬਦੁ ਵੀਚਾਰਿ ॥
ਸਚਾ ਸਉਦਾ, ਹਟੁ ਸਚੁ ਰਤਨੀ ਭਰੇ ਭੰਡਾਰ ॥ *(ਪੰਨਾ ੬੪੬)*

● - ●

# ਅੰਮ੍ਰਿਤ ਪਾਨ ਦੀ ਲੋੜ ਕਿਉਂ ?

ਸਿੱਖ ਧਰਮ ਅੰਦਰ, ਅੰਮ੍ਰਿਤ ਪਾਨ ਕਰਨੇ ਦੀ ਇਕ ਖਾਸ ਮਹੱਤਤਾ ਹੈ । ਇਸ ਮਹੱਤਤਾ ਤੋਂ ਅਣਜਾਣ, ਅਸੀਂ ਇਸ ਨੂੰ ਈਸਾਈ ਮਤਿ ਦੇ ਬਿਪਤਸਮਾ, ਇਸਲਾਮ ਦੀ ਸੁਨਤ ਅਤੇ ਹਿੰਦੂ ਧਰਮ ਦੀ ਜਨੇਊ ਦੀ ਰਸਮ ਵਾਂਗ, ਸਿੱਖ ਧਰਮ ਵਿੱਚ ਪ੍ਰਵੇਸ਼ ਕਰਨੇ ਦੀ ਇਕ ਰਸਮ, ਹੀ ਸਮਝਦੇ ਚਲੇ ਆ ਰਹੇ ਹਾਂ । ਇਕ ਪੰਥ ਪ੍ਰਸਿੱਧ ਪ੍ਰਚਾਰਕ ਵੀਰ ਜੀ ਦੀ ਜ਼ਬਾਨੀ ਇਹ ਵਿਚਾਰ ਸੁਣੇ ਗਏ ਹਨ ਕਿ ਬੱਚੇ ਦੇ ਸਕੂਲ ਦਾਖਲੇ ਤੁਲ, ਅੰਮ੍ਰਿਤ ਪਾਨ ਕਰਨਾ, ਸਿੱਖ ਧਰਮ ਵਿੱਚ ਪ੍ਰਵੇਸ਼ ਕਰਨੇ ਦੀ ਇਕ ਰਸਮ ਹੈ । 'ਸੂਰਾ' ਮਾਸਕ ਪੱਤਰ ਦੇ ਅੰਕ ਅਗਸਤ 1997 ਵਿੱਚ ਇਕ ਲੇਖ ਦੇ ਲਿਖਾਰੀ ਵੱਲੋਂ ਇਹ ਸ਼ਬਦ ਦਰਜ ਹਨ ਕਿ 'ਅੰਮ੍ਰਿਤ ਪਾਨ ਕਰਨਾ ਕੇਵਲ ਸੰਜਮ ਵਾਲਾ ਜੀਵਨ ਜੀਉਣ ਲਈ ਪ੍ਰਣ ਕਰਨਾ ਹੈ, ਬੱਸ ।' ਅੰਮ੍ਰਿਤ ਪਾਨ ਕਰਨਾ ਨਾ ਤਾਂ ਸਿੱਖ ਧਰਮ ਵਿੱਚ ਪ੍ਰਵੇਸ਼ ਕਰਨੇ ਦੀ ਇਕ ਰਸਮ ਹੀ ਹੈ ਅਤੇ ਨਾ ਹੀ ਸੰਜਮ ਵਾਲਾ ਜੀਵਨ ਜੀਊਂਣ ਲਈ ਕੋਈ ਪ੍ਰਣ ਕਰਨਾ ਹੀ ਹੈ, ਸਗੋਂ ਇਹ ਇਕ ਐਸੀ ਲੋੜ ਹੈ ਜਿਸ ਤੋਂ ਬਗੈਰ, ਜੀਵ ਆਤਮਾ ਅਤੇ ਪਰਮ-ਆਤਮਾ ਦਾ ਆਪਸੀ ਮਿਲਾਪ ਹਰਗਿਜ਼ ਹਰਗਿਜ਼ ਨਹੀਂ ਹੁੰਦਾ । ਕਿਉਂ ਨਹੀਂ ਹੁੰਦਾ, ਇਸ ਦਾ ਉੱਤਰ ਦੇਣ ਲਈ ਜਾਂ ਅੰਮ੍ਰਿਤ ਦੀ ਮਹੱਤਤਾ ਨੂੰ ਸਮਝਣੇ ਲਈ, ਇਹ ਲੇਖ ਲਿਖਣ ਦੀ ਲੋੜ-ਪ੍ਰਤੀਤ ਹੋਈ ।

ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ, ਪਾਨ ਕੇ ਤਰੰਗ ਸਭੈ ਪਾਨ ਹੀ ਕਹਾਹਿੰਗੇ,
ਤੈਸੇ ਵਿਸ਼ੁ ਰੂਪ ਤੇ ਅਭੂਤ ਭੂਤ ਪਰਗਟ ਹੋਇ, ਤਾਹੀ ਤੇ ਉਪਜ ਸਬੈ ਤਾਹੀ ਮਾਹਿ ਸਮਾਹਿੰਗੇ ॥

*(ਅਕਾਲ ਉਸਤਤ ੮੭)*

ਭਾਵ, ਜਿਵੇਂ ਇਕ ਨਦੀਂ ਤੋਂ ਅਨੇਕ ਤਰੰਗਾਂ ਉਠਦੀਆਂ ਹਨ, ਪਾਣੀ ਤੋਂ ਉਠੀਆਂ ਤਰੰਗਾਂ ਪਾਣੀ ਹੀ ਕਹਾਉਂਦੀਆਂ ਹਨ ਉਸੀ ਤਰ੍ਹਾਂ ਹੀ ਵਿਸ਼ਵ ਰੂਪ ਅਰਥਾਤ ਅਕਾਲ-ਪੁਰਖ, ਪਰਮ ਆਤਮਾ ਤੋਂ ਹਰ ਸ਼ੈ ਪ੍ਰਗਟ ਹੋ, ਆਖਰ ਉਸੀ ਵਿੱਚ ਸਮਾ ਜਾਂਦੀ ਹੈ।

ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ ॥

*(ਪੰਨਾ ੧੪੨੯)*

ਸਾਹਿਬ ਗੁਰੂ ਤੇਗ਼ ਬਹਾਦਰ ਜੀ ਦੇ ਇਸ ਫ਼ਰਮਾਨ ਤੋਂ, ਉਪਰ ਦਿਤੇ ਕਲਗੀਧਰ ਜੀ ਦੇ ਫ਼ਰਮਾਨ ਦੀ ਪੁਸ਼ਟੀ ਹੁੰਦੀ ਹੈ ਕਿ ਕੁਦਰਤ ਦਾ ਨਿਯਮ ਹੈ ਕਿ ਕੋਈ ਸ਼ੈ, ਜਿਸ ਵੀ ਸਰੋਤ ਤੋਂ ਪੈਦਾ ਹੁੰਦੀ ਹੈ ਆਖਰ ਇਕ ਦਿਨ, ਉਸੀ ਸਰੋਤ ਤੱਕ ਪਹੁੰਚ ਉਸੀ ਵਿੱਚ ਹੀ ਲੀਨ ਹੋ, ਆਪਣਾ ਜੀਵਨ ਪੰਧ ਪੂਰਾ ਕਰਦੀ ਹੈ-

ਕਹੁ ਕਬੀਰ ਇਹੁ ਰਾਮ ਕੀ ਅੰਸੁ ॥

*(ਪੰਨਾ ੮੭੧)*

ਭਗਤ ਕਬੀਰ ਜੀ ਦਾ 'ਇਹੁ' ਦਾ ਇਸ਼ਾਰਾ ਜੀਵ-ਆਤਮਾ ਵਲ ਹੈ, ਭਾਵ ਹਰ ਇਕ ਜੀਵ-ਆਤਮਾ, ਰਾਮ ਜਾਂ ਪਰਮ-ਆਤਮ ਦੀ ਅੰਸ਼ ਹੈ । ਪਰਮ ਆਤਮਾ ਤੋਂ ਉਪਜੀ ਹੈ, ਇਸ ਲਈ ਆਖਰ ਕਿਸੀ ਵਕਤ ਪਰਮ ਆਤਮ ਵਿੱਚ ਲੀਨ ਹੋ, ਆਪਣਾ ਜ਼ਿੰਦਗੀ ਦਾ ਸਫਰ ਪੂਰਾ ਕਰੇਗੀ ।

ਇਸ ਛੋਟੀ ਜੇਹੀ ਵਿਚਾਰ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਪਰਮ-ਆਤਮਾ ਵਿੱਚ ਸਮਾਈ ਪ੍ਰਾਪਤ ਕਰਨਾ, ਹਰ ਇਕ ਇਨਸਾਨ ਦਾ ਜੀਵਨ ਲਕਸ਼ ਜਾਂ ਜ਼ਿੰਦਗੀ ਦਾ ਨਿਸ਼ਾਨਾ ਸਿੱਧ ਹੁੰਦਾ ਹੈ । ਉਸ ਦਾ ਧਰਮ, ਮੁਲਕ, ਨਸਲ ਜਾਂ ਰੰਗ ਭਾਵੇਂ ਕੋਈ ਵੀ, ਕਿਉਂ ਨਾ ਹੋਵੇ ।

## *ਅਕਾਲ ਪੁਰਖ ਦਾ ਸਰੂਪ –*

ਭਾਈ ਨੰਦ ਲਾਲ ਜੀ, ਕਲਗੀਧਰ ਜੀ ਦੇ ਮੁਖਾਰ ਬਿੰਦ ਤੋਂ, ਅਕਾਲ ਪੁਰਖ ਦਾ ਇਹ ਫ਼ਰਮਾਨ ਉਚਾਰਨ ਹੁੰਦਾ ਬਿਆਨ ਕਰਦੇ ਹਨ ।

ਤੀਨ ਰੂਪ ਹੈ ਮੋਹਿ ਕੇ ਸੁਨਹੁ ਨੰਦ ਚਿਤ ਲਾਏ ॥
ਨਿਰਗੁਣ, ਸਰਗੁਣ, ਗੁਰ ਸ਼ਬਦ ਕਹੁਹੁ ਤੋਹਿ ਸਮਝਾਇ ॥

*ਭਾਈ ਗੁਰਦਾਸ ਜੀ ਵਾਰ ਨੰ: 12 ਵਿੱਚ ਲਿਖਦੇ ਹਨ ਕਿ-*

ਨਿਰੰਕਾਰ ਆਕਾਰ ਕਰ ਜੋਤਿ ਸਰੂਪ ਅਨੂਪ ਦਖਾਯਾ ॥
ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸ਼ਬਦ ਸੁਣਾਯਾ ॥

ਭਾਈ ਗੁਰਦਾਸ ਜੀ, ਅਕਾਲ ਪੁਰਖ ਦੇ ਆਕਾਰ ਰੈਹਤ ਸਰੂਪ ਨੂੰ 'ਨਿਰੰਕਾਰ' ਆਖਦੇ ਹਨ ਤੇ ਭਾਈ ਨੰਦ ਲਾਲ ਜੀ ਉਸੀ ਸਰੂਪ ਨੂੰ 'ਨਿਰਗੁਣ' ਬਿਆਨ ਕਰਦੇ ਹਨ । ਨਿਰੰਕਾਰ ਜਾਂ ਨਿਰਗੁਣ ਹਾਲਤ ਵਿੱਚ, ਅਕਾਲ ਪੁਰਖ ਦਾ ਕੋਈ ਵੀ ਚੱਕ੍ਰ ਚਿਹਨ, ਰੂਪ ਰੰਗ ਜਾਂ ਹੋਰ ਕੋਈ ਨਿਸ਼ਾਨੀ ਐਸੀ ਨਜ਼ਰ ਨਹੀਂ ਆਉਂਦੀ ਜਿਸ ਨੂੰ ਦੇਖ ਕੇ ਕੋਈ ਕਹਿ ਸਕੇ ਕਿ ਉਹ ਕਿਹੋ ਜਿਹਾ ਹੈ । ਇਕ ਤਰ੍ਹਾਂ ਨਾਲ ਉਹ, ਸਾਡੀ ਅੱਖੀਆਂ ਤੋਂ ਉਹਲੇ ਹੁੰਦਾ ਹੈ, ਸਾਨੂੰ ਉਹ ਨਜ਼ਰ ਨਹੀਂ ਆਉਂਦਾ ਜਦੋਂ ਅਕਾਲ ਪੁਰਖ, ਗੁਪਤ ਹਾਲਤ ਤੋਂ ਪ੍ਰਗਟ ਹੁੰਦਾ ਹੈ, ਅਸੀਂ ਉਸ ਦੇ ਗੁਪਤੋਂ ਪ੍ਰਗਟ ਹੋਏ ਆਕਾਰ ਵੱਲ, ਅੱਖ ਚੁੱਕ ਕੇ ਦੇਖਦੇ ਹਾਂ ਤਾਂ ਉਹ ਆਕਾਰ, ਜੋਤਿ ਦੇ ਰੂਪ ਵਿੱਚ ਨਜ਼ਰ ਆਉਂਦਾ ਹੈ, ਜਿਸ ਨੂੰ ਭਾਈ ਨੰਦ ਲਾਲ ਜੀ ਨੇ 'ਸਰਗੁਣ' ਆਖਿਆ ਹੈ । ਇਸ ਦਾ ਅਰਥ ਇਹ ਹੋਇਆ ਕਿ 'ਸਰਗੁਣ ਸਰੂਪ' ਅਤੇ ਜੋਤਿ ਸਰੂਪ, ਇਕੋ ਹੀ ਤੱਥ ਨੂੰ ਬਿਆਨ ਕਰਦੇ ਹੋਏ ਦੋ ਵਖੋ ਵੱਖ ਨਾਮ ਹਨ ।

ਭਾਈ ਨੰਦ ਲਾਲ ਜੀ ਨੇ ਅਕਾਲ ਪੁਰਖ ਦੇ ਤੀਸਰੇ ਸਰੂਪ ਨੂੰ 'ਗੁਰ ਸ਼ਬਦ' ਕਰਕੇ ਆਖਿਆ ਹੈ ਤੇ ਭਾਈ ਗੁਰਦਾਸ ਜੀ ਨੇ ਇਸ ਨੂੰ ਜ਼ਰਾ ਹੋਰ ਸਪਸ਼ਟ ਕਰਕੇ 'ਵਾਹਿਗੁਰੂ, ਗੁਰ ਸ਼ਬਦ' ਬਿਆਨ ਕੀਤਾ ਹੈ । ਹਕੀਕਤ ਇਹ ਹੈ ਕਿ ਅਕਾਲ ਪੁਰਖ ਦਾ ਸਰੂਪ ਤਾਂ ਸ਼ੁਰੂ ਤੋਂ ਆਖੀਰ ਤੱਕ, ਇਕ ਦਾ ਇਕ ਹੀ ਹੁੰਦਾ ਹੈ। ਜਦੋਂ ਉਹ ਸਾਡੀ ਅਖੀਆਂ ਨੂੰ ਨਜ਼ਰ ਨਹੀਂ ਆਉਂਦਾ ਤਾਂ ਅਸੀਂ ਉਸ ਨੂੰ ਨਿਰਗੁਣ ਜਾਂ ਨਿਰੰਕਾਰ ਆਖਦੇ ਹਾਂ । ਜਦੋਂ ਉਹ ਹੀ ਸਰੂਪ ਗੁਪਤੋਂ ਪ੍ਰਗਟ ਹੁੰਦਾ ਹੈ ਤਾਂ ਅਸੀਂ ਉਸ ਨੂੰ ਸਰਗੁਣ ਜਾਂ ਜੋਤਿ ਆਖ ਦਿੰਦੇ ਹਾਂ । ਜਦੋਂ ਅਸੀਂ ਜੋਤਿ ਸਰੂਪ ਵੱਲ ਨੂੰ ਕੰਨ ਕਰਦੇ ਹਾਂ ਤਾਂ ਸਾਨੂੰ ਉਸੀ ਹੀ ਸਰੂਪ ਵਿਚੋਂ 'ਵਾਹਿਗੁਰੂ' ਗੁਰ ਸ਼ਬਦ ਦੀ ਆਵਾਜ਼ ਸੁਣਾਈ ਦਿੰਦੀ ਹੈ, ਜਿਸ ਨੂੰ ਦੂਸਰੇ ਲਫਜ਼ਾਂ ਵਿੱਚ 'ਨਾਮ' ਵੀ ਆਖਦੇ ਹਾਂ । ਅਕਾਲ ਪੁਰਖ, ਚੂੰਕਿ ਸੰਸਾਰ ਦੇ ਕਣ ਕਣ ਵਿੱਚ ਸਮਾਇਆ ਹੋਇਆ ਹੈ, ਇਸ ਲਈ ਹਰ ਇਕ ਕਣ ਦੇ ਵਿੱਚ ਜੋਤਿ ਮੌਜੂਦ ਹੈ ।

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

*(ਪੰਨਾ ੧੩)*

ਉਪਰ ਅਸੀਂ ਪੜ੍ਹਿਆ ਹੈ ਕਿ ਜਿਥੇ ਜੋਤਿ ਹੈ ਉਥੇ ਹੀ 'ਵਾਹਿਗੁਰੂ' ਗੁਰ-ਸ਼ਬਦ ਦੀ ਆਵਾਜ਼ ਸੁਣਾਈ ਦਿੰਦੀ ਹੈ, ਜਿਸ ਨੂੰ 'ਨਾਮ' ਜਾਂ 'ਨਾਉਂ' ਵੀ ਆਖਦੇ ਹਨ।

ਜੇਤਾ ਕੀਤਾ ਤੇਤਾ ਨਾਉ ॥

ਵਿਣੁ ਨਾਵੈ ਨਾਹੀ ਕੋ ਥਾਉ ॥

(ਪੰਨਾ ੪)

ਚੂੰਕਿ ਨਾਮ ਤੋਂ ਬਗੈਰ ਕੋਈ ਵੀ ਥਾਂ ਖਾਲੀ ਨਹੀਂ ਹੈ, ਇਸ ਲਈ-

ਧਰਤਿ ਪਾਤਾਲੁ ਆਕਸੁ ਹੈ ਮੇਰੀ ਜਿੰਦੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥
ਪਉਣੁ ਪਾਣੀ ਬੈਸੰਤਰ ਮੇਰੀ ਜਿੰਦੜੀਏ ਨਿਤਿ ਹਰਿ ਹਰਿ ਹਰਿ ਜਸੁ ਗਾਵੈ ਰਾਮ ॥

(ਪੰਨਾ ੫੪●)

ਧਰਤਿ, ਪਾਤਾਲੁ, ਆਕਾਸ ਅਤੇ ਪਉਣੁ, ਪਾਣੀ ਬੈਸੰਤਰ ਨੂੰ ਜੀਭਾਂ ਤਾਂ ਨਹੀਂ ਲਗੀਆਂ ਹੋਈਆਂ ਜੋ ਹਰਿ ਹਰਿ ਗਾਉਂਦੀਆਂ ਹਨ । ਸਗੋਂ ਇਨ੍ਹਾਂ ਸਭ ਵਸਤੂਆਂ ਵਿਚੋਂ 'ਵਾਹਿਗੁਰੂ' ਸ਼ਬਦ ਦੀ ਆਵਾਜ਼, ਸੁਣਾਈ ਦਿੰਦੀ ਹੈ । ਇਸ ਦਾ ਭਾਵ ਇਹ ਹੀ ਹੈ ਕਿ ਸੰਸਾਰ ਦੇ ਕਣ ਕਣ ਵਿੱਚ ਅਕਾਲ ਪੁਰਖ, ਜੋਤਿ ਅਤੇ ਨਾਮ ਦੇ ਰੂਪ ਵਿੱਚ ਮੌਜੂਦ ਹੈ, ਸਮਾਇਆ ਹੋਇਆ ਹੈ ।

ਅਵੱਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗ ਉਪਜਿਆ ਕਉਣ ਭਲੇ ਕੋ ਮੰਦੇ ॥

(ਪੰਨਾ ੧੩੪੯)

ਇਸ ਫ਼ੁਰਮਾਨ ਅਨੁਸਾਰ ਸੰਸਾਰ ਦੀ ਰਚਨਾ 'ਏਕ ਨੂਰ' (ਜੋਤਿ ਜਾਂ ਰੌਸ਼ਨੀ) ਤੋਂ ਹੁੰਦੀ ਹੈ। ਜਦੋਂ ਕਿ -

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥

(ਪੰਨਾ ੨੮੪)

ਸੁਖਮਣੀ ਸਾਹਿਬ ਦੇ ਇਸ ਫ਼ੁਰਮਾਨ ਅਨੁਸਾਰ, ਸੰਸਾਰ ਦੀ ਰਚਨਾ, 'ਨਾਮ' ਤੋਂ ਹੁੰਦੀ ਹੈ । ਇਸ ਤੋਂ ਸਾਫ ਸਿੱਧ ਹੁੰਦਾ ਹੈ, ਕਿ ਜੋਤਿ ਅਤੇ ਨਾਮ ਇਕੋ ਹੀ ਹਕੀਕਤ ਨੂੰ ਬਿਆਨ ਕਰਨੇ ਲਈ ਦੋ ਵੱਖਰੇ ਵੱਖਰੇ ਸ਼ਬਦ ਹਨ ।

ਇਤਨੀ ਲੰਮੀ ਚੌੜੀ ਵਿਆਖਿਆ ਪੇਸ਼ ਕਰਨੇ ਦਾ ਮੁੱਖ ਮਕਸਦ ਇਹ ਹੈ ਕਿ 'ਨਾਮ' (ਵਾਹਿਗੁਰੂ ਸ਼ਬਦ ਦੀ ਆਵਾਜ਼) ਨਿਰੰਕਾਰ ਦਾ ਹੀ ਨਿੱਜ ਰੂਪ ਹੈ ।

## *ਨਿਰੰਕਾਰ ਦਾ ਨਿੱਜ ਰੂਪ-*

ਦਰਅਸਲ, ਨਿਰੰਕਾਰ ਦਾ ਨਿੱਜ ਰੂਪ ਤਾਂ ਉਪਰ ਬਿਆਨ ਹੋ ਹੀ ਚੁੱਕਾ ਹੈ । ਇਥੇ ਤਾਂ ਸਿਰਫ ਇਕ ਭਰਮ ਭੁਲੇਖੇ ਤੋਂ ਸੁਚੇਤ ਕਰਨੇ ਲਈ ਅਰਜ਼ ਹੈ ਕਿ ਜਦੋਂ ਅਕਾਲ ਪੁਰਖ ਦੀ ਹੋਂਦ ਦੀ ਕੋਈ ਨਿਸ਼ਾਨੀ ਉਪਲਬਧ ਨਾ ਹੋਵੇ ਉਸ ਦਾ ਕੋਈ ਆਕਾਰ ਨਾ ਹੋਵੇ ਤਾਂ ਉਸ ਨੂੰ ਨਿਰੰਕਾਰ ਆਖਦੇ ਹਨ । ਆਕਾਰ ਧਾਰਨ ਕਰ ਉਹ 'ਜੋਤਿ' ਦੇ ਰੂਪ ਵਿੱਚ ਦਿਖਾਈ ਦਿੰਦਾ ਹੈ ਅਤੇ 'ਵਾਹਿਗੁਰੂ' ਸ਼ਬਦ ਦੀ ਆਵਾਜ਼ ਦੇ ਰੂਪ ਵਿਚ ਸੁਣਾਈ ਦਿੰਦਾ ਹੈ । ਅਕਾਲ ਪੁਰਖ ਭਾਵੇਂ, ਆਕਾਰ ਰਹਿਤ ਨਿਰੰਕਾਰ ਹੋਵੇ ਜਾਂ ਨਿਰ ਆਕਾਰ ਤੋਂ ਆਕਾਰ ਧਾਰਨ ਕਰ, ਜੋਤੀ ਸਰੂਪ ਹੋਵੇ ਅਤੇ ਭਾਵੇਂ ਇਸੀ ਸਰੂਪ ਦੇ ਵਿਚੋਂ 'ਵਾਹਿਗੁਰੂ' ਸ਼ਬਦ ਦੀ ਆਵਾਜ਼ (ਨਾਮ) ਸੁਣਾਈ ਦੇਵੇ, ਅਕਾਲ-ਪੁਰਖ ਹਰ ਹਾਲਤ ਵਿੱਚ **one and the same** ਭਾਵ ਇਕ ਦਾ ਇਕ ਹੀ ਰਹਿੰਦਾ ਹੈ, ਇਕ ਤੋਂ ਦੋ ਜਾਂ ਤਿੰਨ, ਨਹੀਂ ਹੋ ਜਾਂਦਾ । ਇਸੀ ਹਕੀਕਤ ਨੂੰ ਕੁਝ ਹੋਰ ਵੀ ਸਪੱਸ਼ਟ ਕਰਨੇ ਦੀ ਕੋਸ਼ਿਸ਼ ਕਰਦੇ ਹਾਂ ।

ਇਲੈਕਟਰੋ-ਮੈਗਨੈਟਿਕ ਫੋਰਸ, ਸ਼ਕਤੀ ਹੈ (**Energy**), ਜਦੋਂ ਇਹ ਸ਼ਕਤੀ ਅਚਲ ਮੂਰਤਿ (ਮੂਰਤਿ= ਹੋਂਦ ਜਾਂ ਹਸਤੀ), ਹੁੰਦੀ ਹੈ ਤਾਂ ਇਸਦੀ ਹੋਂਦ ਜਾਂ ਹਸਤੀ ਦੀ ਕੋਈ ਵੀ ਨਿਸ਼ਾਨੀ, ਉਪਲਬਦ ਨਹੀਂ ਹੁੰਦੀ, ਸਾਇੰਸਦਾਨਾਂ ਦੇ ਕਥਨ ਅਨੁਸਾਰ (**Energy does not exist untill expressed**) ਭਾਵ ਜਦੋਂ

ਤੱਕ ਸ਼ਕਤੀ ਆਪਣੀ ਹੋਂਦ ਦਾ ਪ੍ਰਗਟਾਵਾ ਨਾ ਕਰੇ ਉਦੋਂ ਤੱਕ ਉਸ ਦੀ ਹੋਂਦ ਦਾ ਕੋਈ ਥੌਹ ਪਤਾ ਨਹੀਂ ਚਲਦਾ। ਮਿਸਾਲ ਦੇ ਤੌਰ ਤੇ ਟਾਰਚ ਦੀ ਬੈਟਰੀ ਵਿੱਚ ਸ਼ਕਤੀ ਤਾਂ ਹੁੰਦੀ ਹੈ ਪਰ ਉਸ ਦਾ ਕੋਈ ਪਤਾ ਨਹੀਂ ਚਲਦਾ । ਜਦੋਂ ਇਸੀ ਬੈਟਰੀ ਦੇ ਅੰਦਰ ਹਰਕਤ ਪੈਦਾ ਹੋ ਜਾਂ **Vibrate** ਕਰਨੇ ਤੇ, ਇਹ ਹੀ ਸ਼ਕਤੀ ਬਲਬ ਦੀ ਤਾਰ ਵਿੱਚੋਂ ਲੰਘਦੀ ਹੈ ਤਾਂ ਬਲਬ ਰੌਸ਼ਨ ਹੋ ਜਾਂਦਾ ਹੈ । ਘੰਟੀ ਦੀ ਤਾਰ ਵਿੱਚੋਂ ਲੰਘਦੀ ਹੈ ਤਾਂ ਘੰਟੀ ਖੜਕ ਜਾਂਦੀ ਹੈ ਤਾਂ ਜਾ ਕੇ ਪਤਾ ਚਲਦਾ ਹੈ ਕਿ ਇਸ ਬੈਟਰੀ ਵਿੱਚ ਸ਼ਕਤੀ ਹੈ। ਇਸੀ ਤਰ੍ਹਾਂ ਹੀ ਉਪਰ ਬਿਆਨ ਹੋਈ ਇਲੈਕਟਰੋ-ਮੈਗਨੈਟਿਕ ਫੋਰਸ ਵਿੱਚ ਵੀ ਜਦੋਂ, ਹਰਕਤ (**Vibration**) ਹੁੰਦੀ ਹੈ, ਤਾਂ ਇਸ (**Vibration**) ਦੇ ਕਾਰਨ, ਕੇਂਦਰ ਤੋਂ ਚਾਰ ਚੌਫੇਰੇ, ਬਾਹਰ ਵੱਲ ਸ਼ਕਤੀ ਦੀਆਂ ਲੈਹਰਾਂ ਦਾ ਲੈਹਰਾਓ ਚੱਲ ਪੈਂਦਾ ਹੈ । ਕੇਂਦਰ ਦੇ ਨਜ਼ਦੀਕ ਲਹਿਰ ਤੋਂ ਲਹਿਰ ਦਾ ਫਾਸਲਾ ਘੱਟ ਹੁੰਦਾ ਹੈ । ਜਿਤਨੀ ਲਹਿਰ ਕੇਂਦਰ ਤੋਂ ਦੂਰ ਹੁੰਦੀ ਜਾਂਦੀ ਹੈ। ਉਤਨਾਂ ਹੀ ਲਹਿਰ ਦਾ ਫਾਸਲਾ ਵਧਦਾ ਜਾਂਦਾ ਹੈ। ਇਸ ਨੂੰ ਸਾਇੰਸਦਾਨਾਂ ਦੀ ਬੋਲੀ ਵਿੱਚ ਇਲੈਕਟਰੋ ਮੈਗਨੈਟਿਕ ਸਪੈਕਟਰਮ ਆਖਦੇ ਹਨ । ਇਸ ਸਪੈਕਟਰਮ ਦੇ ਵੱਖੋਂ ਵੱਖ ਹਿਸਿਆਂ ਤੋਂ, **Wave Length** ਦੇ ਵਾਧੇ ਘਾਟੇ ਕਾਰਨ, ਵੱਖੋ ਵੱਖ ਹਾਲਤਾਂ ਪੈਦਾ ਹੁੰਦੀਆਂ ਹਨ । ਜਿਵੇਂ ਕਿ ਗਾਮਾ ਰੇਜ਼, ਐਕਸ ਰੇਜ਼, ਅਲਟਰਾ ਵਾਇਲੈਟ ਰੇਜ਼, ਵਿਜੇਵਲ ਲਾਈਟ ਰੇਜ਼ (ਨਜ਼ਰ ਆਉਂਦੀ ਰੌਸ਼ਨੀ ਦੀਆਂ ਕਿਰਨਾਂ), ਇਨਫਰਾ ਰੈਡ ਰੇਜ਼, ਮਾਈਕਰੋ ਵੇਵਜ਼, ਰਾਡਾਰ, ਟੈਲੀਵੀਜਨ ਅਤੇ ਰੇਡੀਓ ਰੇਜ਼ ਆਦਿ ।

ਆਪ ਜੀ ਦੇਖ ਸਕਦੇ ਹੋ ਕਿ ਸ਼ਕਤੀ ਦੇ ਇਸ ਸਪੈਕਟਰਮ ਦੇ ਵਿਚਕਾਰ ਜੇਹੇ ਤੋਂ ਇਹ ਹੀ ਸਪੈਕਟਰਮ (ਲਹਿਰਾਓ) ਰੌਸ਼ਨੀ ਦੇ ਰੂਪ ਵਿੱਚ ਨਜ਼ਰ ਆਉਂਦਾ ਹੈ ਜਿਸ ਦਾ ਅਰਥ ਇਹ ਹੋਇਆ ਕਿ ਰੌਸ਼ਨੀ ਜਾਂ ਜੋਤਿ, ਸ਼ਕਤੀ ਹੈ **Energy** ਹੈ, ਜੋਤਿ ਸਰੂਪ ਅਕਾਲ ਪੁਰਖ, ਪਰਮ ਆਤਮਾ, ਅੱਲ੍ਹਾ ਜਾਂ **God** ਵੀ ਸ਼ਕਤੀ (**Energy**) ਸਿੱਧ ਹੋਇਆ । ਅਸੀਂ ਅਕਾਲ ਪੁਰਖ ਜਾਂ ਪਰਮ ਆਤਮਾ ਨੂੰ ਦੇਵੀ ਜਾਂ ਦੇਵਤੇ ਦੇ ਇਨਸਾਨੀ ਪ੍ਰਾਕਰਿਤਕ ਸਰੂਪ ਵਿੱਚ ਪੂਜਦੇ ਚਲੇ ਆ ਰਹੇ ਹਾਂ ਜਦੋਂ ਕਿ ਅਕਾਲ ਪੁਰਖ ਜਾਂ ਪਰਮ ਆਤਮਾ, ਕੋਈ ਪ੍ਰਾਕਰਿਤਕ ਵਜੂਦ ਨਹੀਂ ਹੈ, ਇਹ ਇਕ ਸ਼ਕਤੀ ਸਪੰਨ ਹੋਂਦ ਜਾਂ ਹਸਤੀ ਹੈ ।

## *ਇਸੀ ਵਿਚਾਰ ਦੀ ਪੁਸ਼ਟੀ ਲਈ ਕੁਝ ਮਿਸਾਲਾਂ –*

ਇਕ ਜਰਮਨ ਬੀਬੀ ਨੇ ਇੰਡੀਆ ਜਾ, ਰਿਖੀ ਕੇਸ਼ ਵਿਖੇ ਸਵਾਮੀ ਸਿਵਾਨੰਦ ਜੀ, ਸਰਸਵਤੀ ਨੂੰ 1956 ਵਿੱਚ ਗੁਰੂ ਧਾਰ, ਉਨ੍ਹਾਂ ਪਾਸੋਂ ਯੋਗ ਦੀ ਵਿਦਿਆ ਪ੍ਰਾਪਤ ਕਰ, ਸੰਨਿਆਸ ਧਾਰਨ ਕਰਕੇ ਆਪਣਾ ਨਾਮ ਸਵਾਮੀ ਸਿਵਾ ਨੰਦ ਰਾਧਾ ਰੱਖ ਲਿਆ । ਬੀਬੀ ਜੀ ਨੇ ਇਕ ਪੁਸਤਕ 'ਕੁੰਡਲਨੀ ਯੋਗ' ਨਾਮੇ ਲਿਖੀ ਜਿਸ ਦੇ ਵਿੱਚ ਇਕ ਅਧਿਆਏ ਸਵਾਮੀ ਸ਼ਿਵਾ ਨੰਦ ਜੀ ਸਰਸਵਤੀ ਨੇ ਵੀ ਲਿਖਿਆ, ਆਪ ਜੀ ਤਾਮਲਨਾਡੂ ਤੋਂ ਐਮ. ਬੀ. ਬੀ. ਐਸ. ਡਿਗਰੀ ਪ੍ਰਾਪਤ ਡਾਕਟਰ ਸਨ, ਕੁਆਲਾਲੰਪਰ, ਮਲਾਇਆ ਵਿਖੇ, ਮੈਡੀਕਲ ਅਫਸਰ ਸਨ । ਨੌਕਰੀ ਛੱਡ 13 ਸਾਲ ਹਿਮਾਲਿਆ ਦੇ ਪਹਾੜਾਂ ਵਿੱਚ ਯੋਗ ਸਾਧਨਾ ਕੀਤੀ। ਪਿੱਛੋਂ ਰਿਸ਼ੀ ਕੇਸ਼, 'ਅਨੰਦ ਕੁਟੀ ਆਸ਼ਰਮ' ਬਣਾ, ਉਥੇ ਰਿਹਾਇਸ਼ ਅਖ਼ਤਿਆਰ ਕਰ ਲਈ ਸੀ, ਆਪ ਜੀ ਆਪਣੇ ਲੇਖ ਵਿੱਚ ਲਿਖਦੇ ਹਨ ਕਿ –

***"Sakti, then is energy. Just as one can not separate heat from fire, so also one cannot separate Sakti from Sakta (God). Sakti and Sakta are one. They are inseparable."***

ਭਾਵ, "ਤਾਂ ਸ਼ਕਤੀ **Energy** ਹੈ, ਜਿਵੇਂ ਕੋਈ ਅੱਗ ਅਤੇ ਗਰਮੀ ਨੂੰ ਇਕ ਦੂਸਰੇ ਤੋਂ ਵੱਖ ਨਹੀਂ ਕਰ ਸਕਦਾ ਸੋ ਉਸੀ ਹੀ ਤਰ੍ਹਾਂ, ਕੋਈ ਸ਼ਕਤੀ ਨੂੰ ਪਰਮ ਆਤਮਾ ਤੋਂ ਵੱਖ ਨਹੀਂ ਕਰ ਸਕਦਾ । ਸ਼ਕਤੀ ਅਤੇ ਪਰਮ ਆਤਮਾ ਇਕ ਹਨ । ਇਨ੍ਹਾਂ ਨੂੰ ਆਪੋ ਵਿੱਚ ਜੁਦਾ ਨਹੀਂ ਕੀਤਾ ਜਾ ਸਕਦਾ ।" ਹੋਰ ਅੱਗੇ ਚੱਲ ਕੇ ਲਿਖਦੇ ਹਨ

ਕਿ :

*"Nirguna-Brahma-Shakti is potential, Where as Sarguna-Brahma is kinetic or dynamic"*

ਨੋਟ-ਜਦੋਂ ਸ਼ਕਤੀ ਅਚੱਲ ਜਾਂ **Motionless** ਹੁੰਦੀ ਹੈ ਤਾਂ ਉਸ ਦਾ ਕੋਈ ਆਕਾਰ ਨਹੀਂ ਹੁੰਦਾ । ਇਸ ਹਾਲਤ ਨੂੰ **Potential** ਜਾਂ **Unmenifested Static Energy** ਆਖਦੇ ਹਨ । ਸਵਾਮੀ ਜੀ, ਇਕ ਬਹੁਤ ਡੂੰਘੀ, ਬੜੇ ਪਤੇ ਦੀ ਜਾਣਕਾਰੀ ਦਿੰਦੇ ਹੋਏ ਲਿਖਦੇ ਹਨ ਕਿ "ਜਦੋਂ ਸ਼ਕਤੀ **Potencial** ਜਾਂ **Motionless** ਹੁੰਦੀ ਹੈ ਤਾਂ ਇਸ ਨੂੰ ਨਿਰਗੁਣ ਬ੍ਰਹਮ ਆਖਦੇ ਹਨ । ਜਦੋਂ ਸ਼ਕਤੀ ਹਰਕਤ ਵਿੱਚ ਹੁੰਦੀ ਹੈ ਤਾਂ ਉਸ ਨੂੰ ਸਰਗੁਣ ਬ੍ਰਹਮ ਕਹਿੰਦੇ ਹਨ।"

ਸਵਾਮੀ ਰਜਨੀਸ਼ ਜੀ ਆਪਣੀ ਪੁਸਤਕ 'ੴ ਸਤਿਨਾਮ' ਜੋ ਕਿ ਇਕ ਤਰ੍ਹਾਂ ਨਾਲ ਜੁਪੁ ਜੀ ਸਾਹਿਬ ਦਾ ਟੀਕਾ ਹੈ, ਵਿੱਚ ਲਿਖਦੇ ਹਨ ਕਿ 'ਜਗਤ ਇਕ ਹੀ ਤੱਤ ਨਾਲ ਬਣਿਆ ਹੈ । ਉਸ ਤੱਤ ਨੂੰ ਵਿਗਿਆਨਕ ਬਿਜਲੀ ਕਹਿੰਦੇ ਹਨ । ਉਹ ਹੀ ਊਰਜਾ, ਸਾਰੇ ਜਗਤ ਦੀ ਬੁਨਿਆਦੀ ਸ਼ਿਲਾ ਹੈ। ਬਿਜਲੀ ਦੇ ਕਣਾਂ ਨਾਲ ਹੀ ਸਭ ਕੁਝ ਬਣਿਆ ਹੈ । ਇਕ ਤੋਂ ਸਭ ਬਣਿਆ ਹੈ । ਇਸ ਸੰਬੰਧ ਵਿੱਚ, ਧਰਮ ਨਾਲ ਵਿਗਿਆਨ ਰਜ਼ਾਮੰਦ ਹੈ। ਧਰਮ ਉਸ ਨੂੰ ਕਹਿੰਦਾ ਹੈ, ਪਰਮਾਤਮਾ, ਵਿਗਿਆਨ ਉਸ ਨੂੰ ਕਹਿੰਦਾ ਹੈ ਊਰਜਾ **Energy**.

ਡਾਕਟਰ ਪ੍ਰਦੀਪ ਚੋਪੜਾ ਐਮ. ਡੀ. ਅਮਰੀਕਾ ਵਾਲਿਆਂ ਦੀ ਪੁਸਤਕ **'How to know god'** ਵਿੱਚ ਆਪ ਜੀ ਨੇ 'ਰਿਗ ਵੇਦ' ਦੇ ਇਕ ਫ਼ਰਮਾਨ ਦਾ ਅੰਗਰੇਜ਼ੀ ਤਰਜਮਾ ਇਸ ਪ੍ਰਕਾਰ ਕੀਤਾ ਹੈ ਕਿ-

***"In the beginning, There was neither existence nor not existence. All this world was unmenifested energy."***

ਭਾਵ, "ਸ਼ੁਰੂ ਦੇ ਵਿੱਚ ਜੋ ਕੁਝ ਵੀ ਸੀ ਉਸ ਨੂੰ ਨਾ ਤਾਂ ਮੌਜ਼ੂਦ ਅਤੇ ਨਾ ਹੀ ਗੈਰ ਮੌਜੂਦ ਆਖਿਆ ਜਾ ਸਕਦਾ ਸੀ । ਇਹ ਸਾਰਾ ਹੀ ਸੰਸਾਰ **Unmenifested energy** ਹੀ ਸੀ । ਰਿਗ ਵੇਦ ਦੇ ਇਸ ਫ਼ਰਮਾਨ ਨੇ ਇਹ ਆਖ ਕੇ ਕਿ ਸ਼ੁਰੂ ਵਿੱਚ ਜੋ ਕੁਝ ਵੀ ਸੀ, ਉਹ ਕਿਸੀ ਵੀ ਬਿਆਨ ਤੋਂ ਬਾਹਰ ਦੀ ਹਾਲਤ ਸੀ ਇਸ ਲਈ ਇਸ ਨੂੰ **Unmenifested energy** ਹੀ ਆਖਿਆ ਜਾ ਸਕਦਾ ਹੈ । ਇਸ **Unmenifested** ਜਾਂ **Potencial Energy** ਨੂੰ ਸਵਾਮੀ ਸਿਵਾ ਨੰਦ ਸਰਸਵਤੀ ਜੀ ਨੇ ਨਿਰਗੁਣ ਬ੍ਰਹਮ ਜਾਂ ਨਿਰੰਕਾਰ ਕਰਕੇ ਬਿਆਨ ਕੀਤਾ ਹੈ ।

"ਪਸਰਿਓ ਆਪਿ ਹੋਏ ਅਨਿਕ ਤਰੰਗ" ਅਨਿਕ ਤਰੰਗਾਂ ਵਿੱਚ 'ਸ਼ਕਤੀ' ਹੀ ਪਸਰ ਸਕਦੀ ਹੈ । ਵਿਅਕਤੀ ਨਹੀਂ, ਇਸ ਲਈ 'ਆਪਿ' ਭਾਵ ਬ੍ਰਹਮ 'ਸ਼ਕਤੀ' ਹੈ ਵਿਅਕਤੀ ਨਹੀਂ । ਕਲਗੀਧਰ ਜੀ ਨੇ ਜਾਪੁ ਸਾਹਿਬ ਦੀ ਬਾਣੀ ਦੇ ਪਹਿਲੇ ਹੀ ਛੰਦ ਵਿੱਚ, ਉਪਰ ਦਿੱਤੇ, ਦੋਨੋਂ ਹਵਾਲਿਆਂ ਦੀ ਜਿਥੇ ਪੁਸ਼ਟੀ ਕੀਤੀ ਹੈ, ਉਥੇ ਹੀ ਇਕ ਹੋਰ ਬੜੀ ਪਤੇ ਦੀ ਗੱਲ ਵੀ ਕੀਤੀ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ ।

ਅਚਲ ਮੂਰਤਿ ਅਨਭਉ ਪ੍ਰਕਾਸ਼ ਅਮਿਤੋਜਿ ਕਹਿਜੈ ॥

'ਅਮਿਤੋਜਿ' ਦੋ ਸ਼ਬਦਾਂ, ਅਮਿਤ ਅਤੇ ਓਜਿ ਦਾ ਸੁਮੇਲ ਹੈ । ਅਮਿਤ ਦਾ ਅਰਥ ਹੈ, ਕਿਸੀ ਵੀ ਮਿਣਤੀ ਗਿਣਤੀ ਤੋਂ ਬਾਹਰ, ਭਾਵ **Universal** ਜਾਂ **Infinite** 'ਓਜਿ' ਦਾ ਅਰਥ ਹੈ ਸ਼ਕਤੀ **(Energy)** ਪੂਰੇ ਸ਼ਬਦ ਦਾ ਅਰਥ ਹੋਇਆ, ਪੂਰਨ ਸ਼ਕਤੀ ਜਾਂ **Infinite Energy** 'ਅਚਲ ਮੂਰਤਿ' ਵੀ ਦੋ ਸ਼ਬਦਾਂ, 'ਅਚਲ' ਅਤੇ ਮੂਰਤਿ ਦਾ ਸੁਮੇਲ ਹੈ । ਅਚਲ ਦਾ ਅਰਥ ਹੈ, ਜੋ ਚਲਾਏਮਾਨ ਨਾ ਹੋਵੇ । ਬਗੈਰ ਕਿਸੀ ਹਰਕਤ ਤੋਂ, **Potential** ਮੂਰਤਿ ਦਾ ਅਰਥ ਹੈ, ਹੋਂਦ ਜਾਂ ਹਸਤੀ, ਕਲਗੀਧਰ ਜੀ ਨੇ ਜਿਨ੍ਹਾਂ ਦੋ ਤੁਕਾਂ ਦਾ ਜ਼ਿਕਰ ਇਸ ਤੋਂ ਪਹਿਲਾਂ ਕੀਤਾ ਹੈ ਉਹ ਇਸ ਪ੍ਰਕਾਰ ਹੈ-

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨਾ ਸਕਤ ਕਿਹ ॥

ਕਲਗੀਧਰ ਜੀ ਇਨ੍ਹਾਂ ਦੋਨੋਂ ਤੁਕਾਂ ਅੰਦਰ, ਨਿਰਗੁਣ ਬ੍ਰਹਮ ਜਾਂ ਨਿਰੰਕਾਰ ਦਾ ਜ਼ਿਕਰ ਕਰਦੇ ਹੋਏ ਫਰਮਾਉਂਦੇ ਹਨ- ਕਿ ਨਿਰਗੁਣ ਬ੍ਰਹਮ ਜਾਂ ਨਿਰੰਕਾਰ ਦੀ ਪਹਿਚਾਨ ਦਾ ਕੋਈ ਵੀ ਚਿੰਨ੍ਹ ਉਪਲਭਧ ਨਹੀਂ ਹੁੰਦਾ, ਇਸ ਲਈ ਕੋਈ ਕੁਝ ਨਹੀਂ ਕਹਿ ਸਕਦਾ ਕਿ ਉਹ ਕੇਹੋ ਜਿਹਾ ਹੈ। ਇਸੀ ਹੋਂਦ ਜਾਂ ਹਸਤੀ ਬਾਰੇ ਅਗਲੀ ਤੁਕ ਅੰਦਰ, ਜਿਸ ਦਾ ਜ਼ਿਕਰ ਉਪਰ ਆ ਚੁੱਕਾ ਹੈ ਕਿ ਇਹ ਹੋਂਦ ਜਾਂ ਹਸਤੀ, ਅੱਚਲ, **Motionless, Potential** ਜਾਂ **Unmenifested Infinite Energy** ਹੈ, ਇਥੋਂ ਤੱਕ ਉਪਰ ਦਿੱਤੇ ਹਵਾਲੇ ਅਤੇ ਕਲਗੀਧਰ ਜੀ ਦੇ ਫਰਮਾਨ ਦੀ ਆਪੋ ਵਿੱਚ ਸਹਿਮਤੀ ਹੈ ਕਿ ਅਚੱਲ ਸ਼ਕਤੀ ਦੀ ਪਹਿਚਾਨ ਦਾ ਕੋਈ ਵੀ ਚਿੰਨ ਉਪਲਭਧ ਨਹੀਂ ਹੁੰਦਾ ਇਸ ਲਈ ਇਸ ਹੋਂਦ ਜਾਂ ਹਸਤੀ ਨੂੰ **Unmenifested Energy** ਨਿਰਗੁਣ ਜਾਂ ਨਿਰੰਕਰ ਜਾਂ ਨਿਰੰਕਰ ਆਖਦੇ ਹਨ ।

ਹੁਣ ਰਹੀ ਗੱਲ, ਕਲਗੀਧਰ ਜੀ ਨੇ ਉਪਰ ਬਿਆਨ ਕੀਤੇ ਹਵਾਲਿਆਂ ਤੋਂ ਵੱਧ ਹੋਰ ਕਿਹੜੀ ਗੱਲ ਕੀਤੀ ਹੈ ਜੋ ਬਹੁਤ ਹੀ ਪਤੇ ਦੀ ਜਾਂ ਜ਼ਰੂਰੀ ਹੈ ? ਉਪਰ ਦਿੱਤੇ ਹਵਾਲਿਆਂ ਨੇ ਨਿਰਗੁਣ, ਸਰਗੁਣ, ਨਿਰੰਕਾਰ, ਜੋਤਿ ਅਤੇ ਨਾਮ ਆਦਿ ਦਾ ਜ਼ਿਕਰ ਤਾਂ ਕੀਤਾ ਹੈ ਪਰ ਕਿਸੀ ਨੇ ਵੀ ਇਹ ਬਿਆਨ ਕਰਨੇ ਦੀ ਖੇਚਲ ਨਹੀਂ ਕੀਤੀ ਕਿ ਜਿਸ ਅਕਾਲ ਪੁਰਖ, ਵਾਹਿਗੁਰੂ, ਪਰਮ-ਆਤਮਾ, ਅੱਲਾ ਜਾਂ ਗੌਡ ਦਾ ਅਸੀਂ ਬੜੀ ਸ਼ਰਧਾ ਨਾਲ ਪੂਜਾ ਪਾਠ ਕਰਦੇ ਹਾਂ ਉਹ ਹਸਤੀ ਕੋਈ ਜਿਊਂਦੀ ਜਾਗਦੀ ਹਸਤੀ ਵੀ ਹੈ ? ਅਸੀਂ ਕਿਤੇ ਕਿਸੀ ਨਿਰ-ਜੀਵ ਹਸਤੀ ਅੱਗੇ ਹੀ, ਮੱਥੇ ਤਾਂ ਰਗੜਦੇ ਨਹੀਂ ਫਿਰਦੇ? ਕਲਗੀਧਰ ਜੀ ਨੇ ਇਸ ਸ਼ੰਕੇ ਦਾ ਉਤਰ ਬੜੇ ਸਪਸ਼ਟ ਸ਼ਬਦਾਂ ਵਿੱਚ ਦਿੰਦੇ ਹੋਏ ਫਰਮਾਇਆ ਹੈ ਕਿ ਇਹ ਹੋਂਦ ਜਾਂ ਹਸਤੀ 'ਅਨਭਉ ਪ੍ਰਕਾਸ਼' ਹੈ, ਅਰਥ ਹੈ, ਇਹ ਹਸਤੀ ਆਪਣੇ ਪ੍ਰਕਾਸ਼, ਹੋਂਦ ਜਾਂ ਹਸਤੀ ਨੂੰ ਆਪ ਅਨੁਭਵ ਕਰਦੀ ਹੈ, ਅਨੁਭਵ, ਕੋਈ ਜਿਊਂਦੀ ਜਾਗਦੀ ਹਸਤੀ ਹੀ ਕਰ ਸਕਦੀ ਹੈ, ਮੁਰਦਾ ਹਸਤੀ ਅਨੁਭਵ ਨਹੀਂ ਕਰ ਸਕਦੀ । ਇਸ ਲਈ ਅਕਾਲ ਪੁਰਖ ਇਕ ਜਿਊਂਦੀ ਜਾਗਦੀ ਪੂਰਨ ਸ਼ਕਤੀ **(Infinite Energy)** ਹੈ ।

ਹੁਣ ਤੱਕ ਦੀ ਵਿਚਾਰ ਤੋਂ ਇਹ ਨਤੀਜੇ ਨਿਕਲਦੇ ਹਨ-

*1) ਇਨਸਾਨ ਦਾ ਜ਼ਿੰਦਗੀ ਦਾ ਨਿਸ਼ਾਨਾ, ਅਕਾਲ ਪੁਰਖ ਵਿੱਚ ਸਮਾਈ ਪ੍ਰਾਪਤ ਕਰਨਾ ਹੈ ।*
*2) ਅਕਾਲ ਪੁਰਖ ਇਕ ਜਿਊਂਦੀ ਜਾਗਦੀ, ਪੂਰਨ ਸ਼ਕਤੀ ਹੈ ।*
*3) ਅਕਾਲ ਪੁਰਖ ਦੇ ਤਿੰਨ ਸਰੂਪ ਬਿਆਨ ਕੀਤੇ ਗਏ ਹਨ -*

ੳ-ਨਿਰਗੁਣ, ਨਿਰੰਕਾਰ ਜਾਂ **Unmenifested Energy.**
ਅ) ਸਰਗੁਣ, ਜੋਤਿ ਜਾਂ **Menifisted Energy.**
ੲ) 'ਵਾਹਿਗੁਰੂ' ਸ਼ਬਦ ਦੀ ਆਵਾਜ਼, ਨਾਮ ਜਾਂ **Menifested Energy.**

## *ਸਾਡੀ ਆਪਣੀ ਹੋਂਦ ਜਾਂ ਹਸਤੀ ਕਿਆ ਹੈ ?*

ਅਕਾਲ ਪੁਰਖ ਦੀ ਹੋਂਦ ਜਾਂ ਹਸਤੀ ਬਾਰੇ ਤਾਂ ਕਾਫੀ ਵਿਸਥਾਰ ਸਹਿਤ ਵਿਚਾਰ ਹੋ ਚੁੱਕੀ ਹੈ, ਹੁਣ ਆਪਣੇ ਬਾਰੇ ਵੀ ਥੋੜੀ ਜਿਹੀ ਜਾਣਕਾਰੀ, ਹਾਸਿਲ ਕਰ ਲਈ ਜਾਏ । ਸਾਡੀ ਅਸਲ ਹੋਂਦ ਜਾਂ ਹਸਤੀ, ਸਾਡੀ ਜੀਵ-ਆਤਮਾ ਹੈ ਜੋ ਅਕਾਲ-ਪੁਰਖ ਦੀ ਹੀ ਅੰਸ਼ ਹੈ । ਇਹ ਤਿੰਨ ਸਰੀਰਕ ਪਿੰਜਰਿਆਂ ਦੇ ਅੰਦਰ ਬੰਦ ਹੈ । ਇਸ ਦਾ ਸਭ ਤੋਂ ਬਾਹਰ ਦਾ ਪਿੰਜਰਾ, ਸਾਡਾ ਸਥੂਲ ਸਰੀਰ ਹੈ । ਇਹ ਹਾਡ, ਮਾਸ, ਨਾੜੀ ਕੋ ਪਿੰਜਰ ਹੈ ਜਿਸ ਦੀ ਬਣਤਰ ਪ੍ਰਕਿਰਤੀ ਤੋਂ ਹੋਈ ਹੈ, ਇਸ ਦੇ ਅੰਦਰ, ਖੂਨ ਦੀਆਂ ਛੋਟੀਆਂ ਬੜੀਆਂ ਬੇਅੰਤ ਨਾੜੀਆਂ ਦਾ ਜਾਲ ਹੈ

ਜਿਨ੍ਹਾਂ ਦੇ ਰਾਹੀਂ, ਸਰੀਰ ਦੇ ਹਰ ਹਿੱਸੇ ਤੱਕ ਖੂਨ ਪਹੁੰਚਾ ਇਸ ਨੂੰ ਜੀਉਂਦਾ ਰੱਖਦਾ ਹੈ । ਇਸ ਦੇ ਹੱਥ ਪੈਰ, ਲਤਾਂ, ਬਾਹਾਂ, ਸਿਰ, ਮੂੰਹ, ਅੱਖ, ਨੱਕ ਅਤੇ ਕੰਨ ਆਦਿ ਅੰਗ ਹਨ । ਇਸ ਸਰੀਰ ਦੇ ਅੰਦਰ ਇਕ ਹੋਰ ਸਰੀਰ ਹੈ ਜੋ ਇਸ ਸਰੀਰ ਦੀ ਹੂ-ਬ-ਹੂ ਨਕਲ ਹੈ । ਇਸ ਨੂੰ ਸੁਖਸ਼ਮ ਸਰੀਰ ਆਖਦੇ ਹਨ । ਇਸ ਦੀ ਬਣਤਰ, ਸ਼ਕਤੀ ਤੋਂ ਹੋਈ ਹੈ । ਇਸ ਦੇ ਅੰਦਰ ਵੀ ਛੋਟੀ ਬੜੀ, ਬੇਅੰਤ ਨਾੜੀਆਂ ਹਨ ਜਿਨ੍ਹਾਂ ਨੂੰ **Meridian Lines** ਆਖਦੇ ਹਨ । ਇਹ ਮੈਰੀਡੀਅਨ ਲਾਈਨਜ਼, ਸਰੀਰਕ ਬਿਜਲੀ ਦੀਆਂ ਗੁਜ਼ਰ ਗਾਹ ਹਨ, **(Meridians are path ways of electricity)** ਜਿਥੋਂ ਬਿਜਲੀ ਗੁਜ਼ਰਦੀ ਹੈ ਉਸ ਦੇ ਇਰਦ ਗਿਰਦ **Megnetic Field** ਪੈਦਾ ਹੋ ਜਾਂਦੀ ਹੈ । ਇਸ ਤਰ੍ਹਾਂ, ਸਾਰਾ ਸੁਖਸ਼ਮ ਸਰੀਰ **Megnetic Field** ਬਣ ਜਾਂਦਾ ਹੈ । ਤਿੰਨ ਵੱਡੀਆਂ ਨਾੜੀਆਂ, ਇੜਾ, ਪਿੰਗਲਾ ਅਤੇ ਸੁਖਮਣਾ, ਖੱਟ ਚਕਰ, ਤ੍ਰਿਕਟੀ, ਦਸਮ ਦੁਆਰ ਅੰਤਹ ਕਰਨ (ਮਨ, ਬੁਧ, ਚਿੱਤ ਅਤੇ ਅਹੰਕਾਰ ਦਾ ਸੁਮੇਲ) ਅਤੇ ਗਿਆਨ ਇੰਦਰੀਆਂ ਆਦਿ, ਸੁਖਸ਼ਮ ਸਰੀਰ ਦੇ ਅੰਗ ਹਨ। ਤੀਸਰਾ ਸਰੀਰ ਹੈ ਕਾਰਨ ਸਰੀਰ । ਇਸ ਦੀ ਬਣਤਰ ਖਿਆਲਾਤ ਤੋਂ ਹੁੰਦੀ ਹੈ । ਜਿਨ੍ਹਾਂ ਤੱਤਾਂ ਤੋਂ ਸਥੂਲ ਅਤੇ ਸੁਖਸ਼ਮ ਸਰੀਰਾਂ ਦੀ ਬਣਤਰ ਹੁੰਦੀ ਹੈ। ਉਹ ਸਾਰੇ ਤੱਤ, ਬੀਜ ਰੂਪ ਵਿੱਚ, ਕਾਰਨ ਸਰੀਰ ਅੰਦਰ ਮੌਜੂਦ ਹੁੰਦੇ ਹਨ । ਇਸ ਤੋਂ ਅੱਗੇ ਸਾਡੀ ਅਸਲ ਹੋਂਦ ਹੈ, ਜਿਸ ਨੂੰ ਜੀਵ ਆਤਮਾ ਆਖਦੇ ਹਨ । ਸਥੂਲ ਸਰੀਰ ਸਾਨੂੰ ਇਸ ਦੁਨੀਆਂ ਵਿੱਚ ਆਉਣ ਦੇ ਸਮੇਂ ਹੀ ਮਿਲਿਆ ਸੀ ਤੇ ਇਸ ਨੂੰ ਦੁਨੀਆਂ ਛੱਡਣ ਵੇਲੇ ਇਥੇ ਹੀ ਛੱਡ ਜਾਣਾ ਹੈ । ਸੁਖਸ਼ਮ ਅਤੇ ਕਾਰਨ, ਦੋਨੋਂ ਸਰੀਰਾਂ ਦਾ ਸਾਡੇ ਨਾਲ ਜਨਮ ਜਨਮਾਂਤਰਾਂ ਦਾ ਸਬੰਧ ਹੈ। ਇਹ ਦੋਨੋਂ ਸਰੀਰ, ਪਿੱਛਲੇ ਜਨਮਾਂ ਤੋਂ ਸਾਡੇ ਨਾਲ ਚਲੇ ਆ ਰਹੇ ਹਨ ਅਤੇ ਅਗਲੇ ਜਨਮਾਂ ਤੱਕ, ਸਾਡੇ ਸੰਗ ਸਾਥ ਹੀ ਜਾਂਦੇ ਰਹਿਣਗੇ । ਇਹ ਹੈ ਬਹੁਤ ਹੀ ਸੰਖੇਪ ਸ਼ਬਦਾਂ ਵਿੱਚ, ਸਾਡੀ ਆਪਣੀ ਹੋਂਦ ਜਾਂ ਹਸਤੀ ਦੀ ਰਾਮ ਕਹਾਣੀ ।

## *ਅਕਾਲ ਪੁਰਖ ਦਾ ਤੇ ਸਾਡਾ ਆਪਸੀ ਮਿਲਾਪ ਕਿਵੇਂ ਹੋਵੇ ?*

ਅਸੀਂ ਅਕਾਲ ਪੁਰਖ ਬਾਰੇ ਵੀ ਕਾਫੀ ਕੁਝ ਸਮਝ ਲਿਆ ਹੈ । ਸਾਨੂੰ ਆਪਣੇ ਬਾਰੇ ਵੀ ਕੁਝ ਥੋੜੀ ਬਹੁਤ ਜਾਣਕਾਰੀ ਪ੍ਰਾਪਤ ਹੋ ਗਈ ਹੈ । ਸਾਨੂੰ ਇਹ ਵੀ ਪਤਾ ਲੱਗ ਗਿਆ ਹੈ ਕਿ ਸਾਡੀ ਜ਼ਿੰਦਗੀ ਦਾ ਨਿਸ਼ਾਨਾ, ਅਕਾਲ ਪੁਰਖ ਵਿੱਚ ਸਮਾਈ ਪ੍ਰਾਪਤ ਕਰਨਾ ਹੈ । ਅਕਾਲ ਪੁਰਖ ਵਿੱਚ ਸਮਾਈ ਦਾ ਸਵਾਲ ਤਾਂ ਉਦੋਂ ਹੀ ਪੈਦਾ ਹੋਵੇਗਾ ਜਦੋਂ ਅਸੀਂ ਪਹਿਲਾਂ ਅਕਾਲ ਪੁਰਖ ਨੂੰ ਮਿਲ ਲਵਾਂਗੇ । ਹੁਣ ਸਾਡੇ ਅੱਗੇ ਵੱਡਾ ਸਵਾਲ ਤਾਂ ਇਹ ਹੈ ਕਿ ਸਾਡੀ ਅਕਾਲ ਪੁਰਖ ਤੱਕ ਪਹੁੰਚ ਹੋਵੇ ਤਾਂ ਕਿਵੇਂ ਹੋਵੇ ?

ਸਾਡੇ ਇਸ ਸਵਾਲ ਦੇ ਉਤਰ ਲਈ, ਭਗਤ ਕਬੀਰ ਜੀ ਫ਼ਰਮਾਉਂਦੇ ਹਨ ਕਿ

**ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕਉ ਦਰਸਨੁ ਕੀਜੈ ॥**

*(ਪੰਨਾ ੩੪੧)*

**ਦਸਵੈ ਦੁਆਰ ਨੂੰ ਖੋਲਣ ਵਾਲੀ ਕੁੰਜੀ ਲਾ ਕੇ, ਜਦੋਂ ਇਸ ਨੂੰ ਖੋਲ੍ਹਿਆ ਜਾਂਦਾ ਹੈ ਤਾਂ ਦਇਆਲ ਜੀ, ਭਾਵ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ । ਦਰਸ਼ਨ ਕਿਸ ਰੂਪ ਵਿੱਚ ਹੁੰਦੇ ਹਨ ?**

**ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥**

*(ਪੰਨਾ ੧੩੭੫)*

**'ਦਇਆਲ ਜੀ' ਜਾਂ 'ਰਾਮ ਪਿਆਰੇ' ਦੇ ਦਰਸ਼ਨ ਜੋਤਿ ਦੇ ਰੂਪ ਵਿੱਚ ਹੁੰਦੇ ਹਨ। ਪਿਛੇ ਅਕਾਲ ਪੁਰਖ ਦਾ ਸਰੂਪ ਨਾਮੇ ਪਰਕਰਨ ਵਿੱਚ ਵੀ ਅਸੀਂ ਪੜ੍ਹਿਆ ਸੀ ਕਿ ਨਿਰੰਕਾਰ ਜਦੋਂ ਆਕਾਰ ਧਾਰਨ ਕਰਦਾ ਹੈ ਤਾਂ ਭਾਈ ਗੁਰ-ਦਾਸ ਜੀ ਦੇ ਕਥਨ ਅਨੁਸਾਰ**

**ਜੋਤਿ ਸਰੂਪ ਅਨੂਪ ਦਖਾਯਾ ॥**

ਭਾਵ ਨਿਰੰਕਾਰ, ਜੋਤਿ ਦੇ ਰੂਪ ਵਿੱਚ ਹੀ ਆਕਾਰ ਧਾਰਨ ਕਰਦਾ ਹੈ । ਦਸਵੈ ਦੁਆਰ ਨੂੰ ਖੋਲਣੇ ਵਾਲੀ ਕੁੰਜੀ ਮਿਲਦੀ ਕਿਥੋਂ ਹੈ ?

ਸਤਿਗੁਰੂ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਪੂਰੇ ਭਾਗ ਮਿਲਾਵਣਿਆ ॥

*(ਪੰਨਾ ੧੨੪)*

ਇਹ ਕੁੰਜੀ ਸਤਿਗੁਰੂ ਜੀ ਦੇ ਹੱਥ ਹੈ, ਹੋਰ ਕਿਸੀ ਵੀ ਦਰੋਂ ਘਰੋਂ ਇਹ ਕੁੰਜੀ ਨਾ ਹੀ ਮਿਲਦੀ ਹੈ ਅਤੇ ਨਾ ਹੀ ਦਸਮ ਦੁਆਰ ਖੁਲਦਾ ਹੈ, ਸਤਿਗੁਰੂ ਜੀ ਦਾ ਮਿਲਾਪ ਵੀ ਪੂਰੇ ਭਾਗ ਹੋਣ ਤਾਂ ਹੀ ਹੁੰਦਾ ਹੈ ਨਹੀਂ ਤਾਂ ਨਿਤ ਸਤਿਗੁਰੂ ਜੀ ਦੇ ਸੰਗ ਸਾਥ, ਇਕਠੇ ਰਹਿੰਦਿਆਂ ਹੋਇਆਂ ਵੀ, ਇਕੱਠੇ ਬਹਿੰਦਿਆਂ ਉਠਦਿਆਂ ਵੀ ਦਸਮ ਦੁਆਰ ਨੂੰ ਖੋਹਲਣੇ ਵਾਲੀ ਕੁੰਜੀ ਜਦੋਂ ਪ੍ਰਾਪਤ ਨਹੀਂ ਹੁੰਦੀ ਤਾਂ ਸਮਝੋ ਕਿ ਸਤਿਗੁਰੂ ਦਾ ਮਿਲਾਪ ਜਿਹਾ ਹੋਇਆ ਨਾ ਹੋਇਆ, ਇਕ ਬਰਾਬਰ ਹੈ -

ਬਿਨੁ ਭਾਗਾ ਸਤਿਗੁਰ ਨਾ ਮਿਲੈ ॥ ਘਰਿ ਬੈਠਿਆ ਨਿਕਟਿ ਨਿਤ ਪਸਿ ॥

*(ਪੰਨਾ ੪੦)*

ਇਸ ਲਈ, ਇਸ ਸੰਸਾਰ ਵਿੱਚ ਆਉਣ ਸਮੇਂ ਜਿਸ ਪ੍ਰਾਣੀ ਦੇ ਮੁੱਖ ਮਸਤਕ ਤੇ ਲਿਖਿਆ ਹੋਇਆ ਲੇਖ ਨਾਲ ਆਉਂਦਾ ਹੈ, ਉਸ ਨੂੰ ਹੀ ਸਤਿਗੁਰੂ ਦਾ ਮਿਲਾਪ ਨਸੀਬ ਹੁੰਦਾ ਹੈ ਤੇ ਉਸ ਨੂੰ ਹੀ ਸਤਿਗੁਰੂ ਪਾਸੋਂ ਦਸਮ ਦੁਆਰ ਦੇ ਖੋਹਲਣੇ ਵਾਲੀ ਕੁੰਜੀ ਪ੍ਰਾਪਤ ਹੁੰਦੀ ਹੈ ।

ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ॥

*(ਪੰਨਾ ੪੫੦)*

ਧੁਰ ਅਕਾਲ ਪੁਰਖ ਦੀ ਦਰਗਾਹ ਤੋਂ, ਸਤਿਗੁਰੂ ਦੇ ਮਿਲਾਪ ਦੇ ਲੇਖ ਸੁਲੇਖ, ਅਚਨਚੇਤ ਹੀ ਸਾਡੇ ਮੁੱਖ ਮਸਤਕ ਤੇ ਨਹੀਂ ਲਿਖੇ ਜਾਂਦੇ ਅਤੇ ਨਾ ਹੀ ਸਤਿਗੁਰੂ ਦਾ ਅਤੇ ਸਾਡਾ ਮਿਲਾਪ, ਅਚਨਚੇਤ ਹੀ ਹੁੰਦਾ ਹੈ । ਇਹ ਸਭ ਕੁਝ ਸਿਰਫ ਉਦੋਂ ਹੀ ਹੁੰਦਾ ਹੈ ਜਦੋਂ ਪਿਛਲੇ ਜਨਮਾਂ ਵਿੱਚ ਬੀਤੇ ਸਾਡੇ ਸ਼ੁਭ ਕਰਮਾਂ ਦਾ ਫਲ ਉਗਣੇ ਤੇ ਆਉਂਦਾ ਹੈ ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤਿ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥

*(ਪੰਨਾ ੨੦੪)*

ਜਦੋਂ ਪਿਛਲੇ ਜਨਮਾਂ ਵਿੱਚ ਕੀਤੇ ਹੋਏ ਸ਼ੁਭ ਕਰਮਾਂ ਦਾ ਫਲ ਉਂਗਰਨੇ ਤੇ ਆਉਂਦਾ ਹੈ ਤਾਂ ਸਾਡਾ ਮਿਲਾਪ 'ਪੁਰਖ ਰਸਿਕ ਬੈਰਾਗੀ' ਭਾਵ ਸਤਿਗੁਰੂ ਨਾਲ ਹੁੰਦਾ ਹੈ । ਸਤਿਗੁਰੂ ਤੋਂ ਦਸਮ ਦੁਆਰ ਖੋਹਲਣੇ ਵਾਲੀ ਕੁੰਜੀ ਮਿਲਦੀ ਹੈ । ਰਾਮ ਪਿਆਰੇ ਜਾਂ ਹਰੀ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ ਤਾਂ ਸਾਡੀ ਜਨਮ ਜਨਮਾਂਤਰਾਂ ਤੋਂ ਸੁੱਤੀ ਹੋਈ ਕਿਸਮਤ ਜਾਗ ਪੈਂਦੀ ਹੈ । ਇਸ ਫਰਮਾਨ ਤੋਂ ਇਕ ਗੱਲ ਖਾਸ ਤੌਰ ਤੇ ਨੋਟ ਕਰਨੇ ਵਾਲੀ ਹੈ ਕਿ ਪਿਛੇ ਜੋ ਹੋਇਆ ਸੋ ਹੋਇਆ, ਹੁਣ ਸਾਨੂੰ ਇਹ ਪ੍ਰਣ ਕਰ ਲੈਣਾ ਚਾਹੀਦਾ ਹੈ ਕਿ ਅੱਜ ਤੋਂ ਨਹੀਂ ਸਗੋਂ ਹੁਣੇ ਤੋਂ ਹੀ ਅਸੀਂ ਕਦੇ ਕੋਈ ਅਸ਼ੁਭ ਕਰਮ ਨਹੀਂ ਕਰਾਂਗੇ। ਜਦੋਂ ਵੀ ਅਸੀਂ ਕੋਈ ਕਰਮ ਕਰਾਂਗੇ ਤਾਂ ਸ਼ੁਭ ਕਰਮ ਹੀ ਕਰਾਂਗੇ ਤਾ ਕਿ ਅਸੀਂ ਵੀ ਅਕਾਲ ਪੁਰਖ ਦੀ ਕ੍ਰਿਪਾ ਦੇ ਪਾਤਰ ਬਣ ਸਕੀਏ ਅਤੇ ਕਿਸੀ ਸਮੇਂ ਸਾਡਾ ਵੀ, 'ਪੁਰਖ ਰਸਿਕ ਬੈਰਾਗੀ' ਭਾਵ ਸਤਿਗੁਰੂ ਨਾਲ ਮਿਲਾਪ ਹੋ ਸਕੇ ਤੇ ਸਾਡੀ ਵੀ ਜਨਮ ਜਨਮਾਂਤਰਾਂ ਦੀ ਸੁੱਤੀ ਹੋਈ ਕਿਸਮਤ ਜਾਗ ਸਕੇ। ਹੁਣ ਸਾਡੇ ਅੱਗੇ ਸਵਾਲ ਇਹ ਬਾਕੀ ਹੈ ਕਿ ਦਸਮ ਦੁਆਰ ਨੂੰ ਖੋਹਲਣੇ ਵਾਲੀ ਚਾਬੀ ਜਾਂ ਕੁੰਜੀ ਕਿਹੜੀ ਹੈ ਜਿਸ ਦੇ ਲਾਇਆਂ, ਦਸਮ ਦੁਆਰ ਖੁਲਦਾ ਹੈ ?

ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥

(ਪੰਨਾ ੯੫੪)

ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸ਼ਬਦ ਸੁਣਾਯਾ ॥ (ਵਾਰ ੧੨/੧੭)

ਵਾਹਿਗੁਰੂ ਗੁਰ ਸ਼ਬਦ ਲੈ ਪਿਰਮ ਪਿਆਲਾ ਚੁਪ ਚਬੋਲਾ ॥

(ਵਾਰ ੪/੧੭)

ਵਾਹਿਗੁਰੂ ਸਾਲਾਹਣਾ ਗੁਰ ਸ਼ਬਦ ਅਲਾਏ ॥

(ਵਾਰ ੯/੧੩)

ਸ਼ਬਦ 'ਵਾਹਿਗੁਰੂ', ਗੁਰੂ ਸ਼ਬਦ ਹੈ । ਸ਼ਬਦ ਵਾਹਿਗੁਰੂ ਹੀ ਦਸਮ ਦੁਆਰ ਨੂੰ ਖੋਲਣੇ ਵਾਲੀ ਕੁੰਜੀ ਹੈ । ਜੋ ਸਤਿਗੁਰੂ ਪਾਸੋਂ ਪ੍ਰਾਪਤ ਹੁੰਦੀ ਹੈ, ਇਥੇ ਤੁਸੀਂ ਇਕ ਸਵਾਲ ਕਰ ਸਕਦੇ ਹੋ ਕਿ ਤੁਸੀਂ ਸਾਨੂੰ ਦੱਸ ਤਾਂ ਦਿੱਤਾ ਹੀ ਹੈ ਕਿ ਸ਼ਬਦ 'ਵਾਹਿਗੁਰੂ', ਦਸਮ ਦੁਆਰ ਨੂੰ ਖੋਲਣੇ ਵਾਲੀ ਕੁੰਜੀ ਹੈ । ਫੇਰ ਸਤਿਗੁਰੂ ਦੀ ਭਾਲ ਕਰਨੇ ਦੀ, ਕਿਹੜੀ ਲੋੜ, ਬਾਕੀ ਰਹਿ ਗਈ ਹੈ ? ਇਹ ਆਪ ਜੀ ਦਾ ਇਕ ਬਹੁਤ ਹੀ ਜ਼ਰੂਰੀ ਸਵਾਲ ਹੈ ਜਿਸ ਦੇ ਉਤਰ ਵਿੱਚ ਅਰਜ਼ ਹੈ ਕਿ ਦਸਮ ਦੁਆਰ ਗੱਲੀਂ ਬਾਤੀਂ ਨਹੀਂ ਖੁੱਲਦਾ । ਇਹ ਕਾਰਜ, ਕਠਨ ਨਾਮ ਅਭਿਆਸ ਕਮਾਈ ਦੀ ਮੰਗ ਕਰਦਾ ਹੈ ।

ਜਿਨਾ ਸਾਸਿ ਗਿਰਾਸ ਨ ਵਿਸਰੈ ਹਰਿ ਨਾਮਾ ਮਨਿ ਮੰਤੁ ॥

(ਪੰਨਾ ੩੧੯)

ਕਹੈ ਨਾਨਕ ਸੋ ਤੱਤ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥

(ਪੰਨਾ ੯੨੪)

ਅਨਦਿਨ ਜਾਗਹਿ ਨ ਸਵਹਿ ਜਾਗਤ ਰੈਣਿ ਵਿਹਾਣੀ ॥

(ਪੰਨਾ ੫੧੫)

ਇਸ ਆਸ਼ੇ ਦੇ ਹੋਰ ਵੀ ਬਹੁਤ ਸ਼ਬਦ ਮਿਲਦੇ ਹਨ ਜੋ ਦਿਨੇ ਰਾਤ, ਸਾਸ ਗਿਰਾਸ ਜਾਂ ਲਗਾਤਾਰ ਨਾਮ ਅਭਿਆਸ ਦੀ ਮੰਗ ਕਰਦੇ ਹਨ । ਅਸੀਂ ਜਾਗਰਤ ਅਵਸਥਾ ਵਿੱਚ ਤਾਂ ਹੱਠ ਧਾਰ ਕੇ ਲਗਾਤਾਰ, ਨਾਮ ਅਭਿਆਸ ਕਰ ਸਕਦੇ ਹਾਂ ਪਰ ਸੁਤਿਆਂ ਪਿਆਂ, ਅਭਿਆਸ ਬੰਦ ਹੋ ਜਾਂਦਾ ਹੈ । ਅਭਿਆਸ ਟੁਟ ਗਿਆ । ਦਸਮ ਦੁਆਰ ਖੁਲੇਗਾ ਨਹੀਂ।

## *ਨਾਮ ਅਭਿਆਸ ਲਗਾਤਾਰ ਜਾਰੀ ਰੱਖਣ ਦੀ ਵਿਧੀ –*

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮ ॥ ਦੇਹੀ ਮਹਿ ਇਸ ਕਾ ਬਿਸ੍ਰਾਮ ॥

(ਪੰਨਾ ੨੯੩)

ਭਾਵ ਦੁਨੀਆਂ ਭਰ ਦੀ ਸਾਰੀ ਦੌਲਤ ਦੇ ਖਜ਼ਾਨੇ ਅਤੇ ਅੰਮ੍ਰਿਤ ਜਲ, ਜਿਸ ਦੇ ਪੀਤਿਆਂ ਅਮਰ (ਮ੍ਰਿਤੂ ਰਹਿਤ) ਹੋ ਜਾਈਦਾ ਹੈ, ਪ੍ਰਭੂ ਦੇ ਨਾਮ ਵਿੱਚ ਮੌਜੂਦ ਹਨ । ਪ੍ਰਭੂ ਦੇ ਨਾਮ ਦਾ ਨਿਵਾਸ ਸਾਡੇ ਸਰੀਰ ਦੇ ਅੰਦਰ ਹੈ । ਸ਼ਬਦ ਵਾਹਿਗੁਰੂ ਜਾਂ ਨਾਮ, ਪ੍ਰਭੂ ਦੇ ਤਿੰਨ ਸਰੂਪਾਂ ਵਿੱਚੋਂ ਇਕ ਸਰੂਪ ਹੈ । ਇਸ ਲਈ ਸ਼ਬਦ ਵਾਹਿਗੁਰੂ ਜਾਂ ਨਾਮ ਹੀ ਨਾਮੀ ਪ੍ਰਭੂ ਹੈ ਅਤੇ ਨਾਮੀ ਪ੍ਰਭੂ ਹੀ ਨਾਮ ਹੈ । ਨਾਮੀ ਪ੍ਰਭੂ ਸ਼ਕਤੀ ਹੈ ਵਿਅਕਤੀ ਨਹੀਂ । ਇਸ ਲਈ ਨਾਮ ਵੀ ਸ਼ਕਤੀ ਹੈ । ਨਾਮ ਸ਼ਕਤੀ ਸਾਡੇ ਅੰਦਰ, **Potencial,** ਅਚੱਲ ਮੂਰਤਿ ਜਾਂ ਬਗੈਰ ਕਿਸੀ ਹਰਕਤ ਤੋਂ, ਬਿਸ੍ਰਾਮ ਕਰ ਰਹੀ ਹੈ । ਅਚੱਲ ਮੂਰਤਿ ਸ਼ਕਤੀ ਦੀ ਪਹਿਚਾਨ ਦਾ ਕੋਈ ਵੀ ਚਿੰਨ੍ਹ ਉਪਲਬਧ ਨਹੀਂ ਹੁੰਦਾ, ਇਹ ਹੀ ਕਾਰਨ ਹੈ ਕਿ ਅਸੀਂ ਨਾਮ ਸ਼ਕਤੀ ਦੇ ਮਾਲਕ ਹੁੰਦੇ ਹੋਏ ਵੀ, ਆਪਣੇ ਅੰਦਰ ਇਸ ਦੀ ਮੌਜੂਦਗੀ ਤੋਂ

ਅਣਜਾਣ ਹਾਂ। ਭਗਤ ਭੀਖਣ ਜੀ ਨੇ ਇਸ ਹਾਲਤ ਨੂੰ, ਆਪਣੇ ਸ਼ਬਦਾਂ ਦੁਆਰਾ, ਕਿਆ ਖੂਬ ਚਿਤਰਿਆ ਹੈ ।

ਭੀਖਾ ਭੂਖਾ ਕੋ ਨਹੀਂ ਜਾਂ ਕੀ ਗਠੜੀ ਲਾਲ ॥
ਗਿਰਹ ਖੋਲ ਜਾਤ ਨਹੀਂ ਯਾ ਬਿਧਿ ਭਏ ਕੰਗਾਲ ॥

ਸਾਡੀ ਸਰੀਰ ਰੂਪੀ ਗਠੜੀ ਵਿੱਚ, ਨਾਮ ਰੂਪੀ ਲਾਲ, ਗੁਪਤ ਰੂਪ ਵਿੱਚ ਮੌਜੂਦ ਹੈ । ਅਸੀਂ ਨਾਮ ਰੂਪੀ ਗੁਪਤ ਲਾਲ ਨੂੰ, ਕਦੇ ਪ੍ਰਗਟ ਕਰਨੇ ਬਾਰੇ ਸੋਚਿਆ ਤੱਕ ਵੀ ਨਹੀਂ ।

ਸਗਲ ਬਨਸਪਤਿ ਮਹਿ ਬੈਸੰਤਰੁ, ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ, ਘਟਿ ਘਟਿ ਮਾਧਉ ਜੀਆ ॥

*(ਪੰਨਾ ੬੧੭)*

ਹਰ ਲਕੜੀ ਵਿੱਚ ਅਗਨ ਅਤੇ ਦੁੱਧ ਵਿੱਚ ਘਿਓ ਮੌਜੂਦ ਹੁੰਦਾ ਹੈ । ਇਸ ਨੂੰ ਪ੍ਰਗਟ ਕਰਨੇ ਲਈ, ਇਕ ਖਾਸ ਯਤਨ ਦੀ ਲੋੜ ਹੁੰਦੀ ਹੈ, ਇਸੀ ਤਰ੍ਹਾਂ ਹੀ ਊਚ ਨੀਚ ਮਹਿ ਸਮਾਈ ਹੋਈ ਜੋਤਿ, ਨਾਮ ਜਾਂ ਘਟਿ ਘਟਿ ਮਾਧਉ ਜੀਆ ਨੂੰ ਪ੍ਰਗਟ ਕਰਨੇ ਲਈ ਵੀ ਇਕ ਖਾਸ ਵਿਧੀ ਹੈ ਜਿਸ ਦੀ ਜਾਣਕਾਰੀ, ਧੁਰ ਦਰਗਾਹ ਤੋਂ ਸਿਰਫ 'ਸਤਿਗੁਰੂ' ਜੀ ਨੂੰ ਹੀ ਪ੍ਰਾਪਤ ਹੈ । ਸਿਰਫ 'ਸਤਿਗੁਰੂ' ਜੀ ਹੀ ਇਕ ਐਸੀ ਮਖਸੂਸ (ਮੁਕਰਰ ਕੀਤੀ ਹੋਈ) ਹਸਤੀ ਹੈ ਜੋ ਇਸ ਵਿਧੀ ਦੀ ਵਰਤੋਂ ਕਰ ਸਕਦੀ ਹੈ, ਕੋਈ ਵੀ ਹੋਰ ਵੱਡੇ ਤੋਂ ਵੱਡਾ, ਵਲੀ ਔਲੀਆ, ਪੀਰ ਪੈਗ਼ੰਬਰ, ਦੇਵੀ ਜਾਂ ਦੇਵਤਾ ਐਸਾ ਨਹੀਂ, ਹੈ ਜੋ ਇਸ ਵਿਧੀ ਤੋਂ ਜਾਣੂੰ ਹੋਵੇ ।

ਸਤਿਗੁਰੂ ਦੀ ਭੂਮਿਕਾ ਜਾਂ ਰੋਲ ਕਿਆ ਹੈ?

ਮੇਰੇ ਮਨਿ ਗੁਪਤ ਹੀਰੁ ਹਰਿ ਰਾਖਾ ॥
ਦੀਨ ਦਇਆਲ ਮਿਲਾਇਓ ਗੁਰ ਸਾਧੂ ਮਿਲਿਐ ਹੀਰੁ ਪਰਾਖਾ ॥

*(ਪੰਨਾ ੬੯੬)*

ਮੇਰੇ ਮਨ ਅੰਦਰ ਗੁਪਤ ਹੀਰਾ (ਨਾਮ) ਰਖਿਆ ਹੋਇਆ ਹੈ । ਦੀਨ ਦਇਆਲ, ਅਕਾਲ ਪੁਰਖ ਨੇ ਗੁਰੂ ਰੂਪੀ ਸਾਧੂ (ਸਤਿਗੁਰੂ) ਨਾਲ ਮਿਲਾਪ ਕਰਾ ਦਿੱਤਾ । ਗੁਰੂ ਦੇ ਮਿਲਾਪ ਤੇ ਗੁਪਤ ਹੀਰਾ ਪਰਖਿਆ ਗਿਆ ਭਾਵ, ਸਤਿਗੁਰੂ ਜੀ ਨੇ 'ਨਾਮ ਸ਼ਕਤੀ' ਨੂੰ ਗੁਪਤੋਂ ਪ੍ਰਗਟ ਕਰ ਦਿੱਤਾ ।

ਹਉ ਬਲਿਹਾਰੀ ਸਤਿਗੁਰ ਆਪਣੇ ਜਿਨਿ ਗੁਪਤ ਨਾਮ ਪਰਗਾਝਾ ॥

*(ਪੰਨਾ ੬੧੭)*

*ਜਾਂ*

ਅੰਤਰਿ ਨਾਮੁ ਨਿਧਾਨ ਹੈ ਪੂਰੇ ਸਤਿਗੁਰਿ ਦੀਆ ਦਖਾਈ ॥

*(ਪੰਨਾ ੪੨੫)*

ਉਪਰ ਦਿਤੇ ਗੁਰ ਫ਼ੁਰਮਾਨ ਇਸ ਹਕੀਕਤ ਵੱਲ ਸਪਸ਼ਟ ਸੰਕੇਤ ਕਰਦੇ ਹਨ ਕਿ ਸਾਡੇ ਅੰਦਰ ਨਾਮ ਦਾ ਖਜ਼ਾਨਾ ਮੌਜੂਦ ਹੈ ਜੋ ਪੂਰੇ ਸਤਿਗੁਰੂ ਨੇ ਮੈਨੂੰ ਦਿਖਾ ਦਿੱਤਾ ਹੈ । ਇਸ ਲਈ ਮੈਂ ਆਪਣੇ ਸਤਿਗੁਰੂ ਦੇ ਵਾਰਨੇ ਬਲਿਹਾਰਨੇ ਜਾਂਦਾ ਹਾਂ ਜਿਸ ਨੇ ਗੁਪਤ ਨਾਮ ਨੂੰ ਪ੍ਰਗਟ ਕਰ ਦਿਖਲਾ ਦਿੱਤਾ ਹੈ ।

'ਨਾਮ ਦਾ ਖਜ਼ਾਨਾ' ਅਤੇ 'ਪ੍ਰਗਟ ਕਰ ਦਿਖਲਾਇਆ ਹੈ' ਇਹ ਦੋ ਤੱਥ ਐਸੇ ਹਨ ਜਿਨ੍ਹਾਂ ਦੇ ਵਿੱਚ ਕੋਈ ਸ਼ਬਦ ਐਸਾ ਮੁਸ਼ਕਿਲ ਤਾਂ ਹੈ ਨਹੀਂ ਜਿਸ ਦੇ ਅਰਥ ਸਮਝ ਵਿੱਚ ਨਾ ਆਉਂਦੇ ਹੋਣ । ਪਰ ਇਨ੍ਹਾਂ ਤੱਥਾਂ ਦੇ ਵਿੱਚ ਛੁਪੀ ਹੋਈ ਹਕੀਕਤ ਐਸੀ ਹੈ ਜਿਸ ਨੂੰ ਅਸੀਂ ਜਾਣਦੇ ਅਤੇ ਸਮਝਦੇ ਹੋਏ ਵੀ, ਮੰਨਣੇ ਲਈ ਸ਼ਾਇਦ ਤਿਆਰ ਨਾ ਹੋ ਸਕੀਏ । ਨਾਮ ਦਾ ਖਜ਼ਾਨਾ, ਇਹ ਤਾਂ ਉਪਰ ਆਪ ਜੀ ਪੜ੍ਹ ਚੁੱਕੇ ਹੋ ਕਿ 'ਵਾਹਿਗੁਰੂ' ਸ਼ਬਦ ਦੀ ਆਵਾਜ਼ ਨਾਮ, ਅਕਾਲ ਪੁਰਖ ਦਾ ਨਿਜ ਰੂਪ ਹੈ, ਸ਼ਕਤੀ ਹੈ, **(Energy)** ਜਾਂ ਅਕਾਲ ਪੁਰਖ ਨੂੰ ਹਰਕਤ ਵਿੱਚ ਲਿਆ

ਜਾਂ Vibrate ਕੀਤਿਆਂ ਹੀ, ਇਸ ਨੂੰ Kinetic ਜਾਂ Dynamic ਸ਼ਕਤੀ ਵਿੱਚ ਬਦਲੀ ਕੀਤਾ ਜਾ ਸਕਦਾ ਹੈ। ਜਾਂ ਗੁਪਤ ਤੋਂ ਪ੍ਰਗਟ ਕੀਤਾ ਜਾ ਸਕਦਾ ਹੈ। ਇਹ ਆਪ ਜੀ ਉਪਰ ਪੜ੍ਹ ਹੀ ਆਏ ਹੋ ਕਿ 'ਜਦੋਂ ਸ਼ਕਤੀ Potencial ਜਾਂ Motionless ਹੁੰਦੀ ਹੈ ਤਾਂ ਇਸ ਨੂੰ 'ਨਿਰਗੁਣ ਬ੍ਰਹਮ' ਆਖਦੇ ਹਨ। ਜਦੋਂ ਸ਼ਕਤੀ ਹਰਕਤ ਵਿੱਚ ਹੁੰਦੀ ਹੈ ਤਾਂ ਉਸ ਨੂੰ 'ਸਰਗੁਣ ਬ੍ਰਹਮ' ਕਹਿੰਦੇ ਹਨ। ਇਸ ਛੋਟੀ ਜਿਹੀ ਵਿਚਾਰ ਦਾ ਸਾਫ ਅਤੇ ਸਪਸ਼ਟ ਅਰਥ ਇਹ ਹੋਇਆ ਕਿ ਅਸੀਂ ਆਪਣੇ ਅੰਦਰ ਮੌਜੂਦ ਨਿਰਗੁਣ ਬ੍ਰਹਮ ਨੂੰ ਹਰਕਤ ਵਿੱਚ ਲਿਆ, ਸਰਗੁਣ ਬ੍ਰਹਮ ਵਿੱਚ ਬਦਲੀ ਕਰਨਾ ਚਾਹੁੰਦੇ ਹਾਂ।'

ਮੁਆਫ ਕਰਨਾ, ਦਾਸ ਲਿਖਦਾ ਲਿਖਦਾ ਕੁਝ ਜਜ਼ਬਾਤੀ ਜਿਹਾ ਹੋ ਗਿਆ ਹੈ ਤੇ ਆਪਣੇ ਆਪ ਤੋਂ ਹੀ ਪੁਛਦਾ ਹੈ ਕਿ ਕਿਆ ਦਾਸ ਦੇ ਹੋਸ਼ੋ-ਹਵਾਸ ਠੀਕ ਹਨ ? ਕਿਆ ਦਾਸ, ਕਿਤੇ ਪਾਗਲ ਤਾਂ ਨਹੀਂ ਹੋ ਗਿਆ, ਜੋ ਨਿਰ-ਗੁਣ ਬ੍ਰਹਮ ਨੂੰ ਸਰਗੁਣ ਬ੍ਰਹਮ ਵਿੱਚ ਬਦਲੀ ਕਰਨੇ ਦੀਆਂ ਗੋਂਦਾਂ ਗੁੰਦਣ ਬੈਠ ਗਿਆ ਹੈ ? ਕਿਆ ਇਹ ਕੋਈ ਮਦਾਰੀ ਦਾ ਖੇਲ ਹੈ ਜੋ ਪਰਦੇ ਪਿਛੇ ਕੁਝ ਤੇ ਸਾਹਮਣੇ ਕੁਝ ਹੋਰ, ਕਰਕੇ ਦਿਖਾ ਦਿਓ? ਕਿਆ ਇਕ ਕੀੜੀ, ਦਰਿਆ ਦੇ ਜ਼ਬਰਦਸਤ ਵੇਗ ਨੂੰ ਥੰਮ੍ਹ ਕੇ, ਰੋਕ ਲਵੇਗੀ ? ਹਰਗਿਜ਼ ਹਰਗਿਜ਼ ਨਹੀਂ। ਸਾਰਾ ਹੀ ਸੰਸਾਰ ਭਾਵੇਂ ਇਕ ਪਾਸੇ ਹੀ ਲਗਾ ਕੇ, ਨਿਰਗੁਣ ਬ੍ਰਹਮ ਨੂੰ ਹਰਕਤ ਵਿੱਚ ਲਿਆ ਸਰਗੁਣ ਬ੍ਰਹਮ ਵਿੱਚ ਬਦਲੀ ਕਰਨਾ ਚਾਹੇ ਤਾਂ ਇਸ ਅਣਹੋਣੀ ਗੱਲ ਨੂੰ ਹੋਣੀ, ਨਹੀਂ ਬਣਾਇਆ ਜਾ ਸਕਦਾ। ਕਿਉਂ ? ਇਸ ਲਈ ਕਿ ਅਕਾਲ ਪੁਰਖ ਤੋਂ ਉਪਰ, ਉਸ ਤੋਂ ਕੋਈ ਵੱਡੀ ਤਾਕਤ ਹੋਵੇ ਤਾਂ ਹੀ ਉਹ 'ਨਿਰਗੁਣ' ਨੂੰ ਹਿਲਾ 'ਸਰਗੁਣ' ਵਿੱਚ ਬਦਲੀ ਕਰ ਸਕਦੀ ਹੈ, ਵਰਨਾ ਨਹੀਂ। ਅਕਾਲ ਪੁਰਖ ਤੋਂ ਉਪਰ ਹੋਰ ਕੋਈ ਸ਼ਕਤੀ ਹੈ ਨਹੀਂ। ਉਸ ਤੋਂ ਛੋਟੀ ਕੋਈ ਸ਼ਕਤੀ 'ਨਿਰਗੁਣ' ਬ੍ਰਹਮ ਨੂੰ ਹਿਲਾ ਨਹੀਂ ਸਕਦੀ। ਹਰਕਤ ਵਿੱਚ ਲਿਆ ਨਹੀਂ ਸਕਦੀ। Vibrate ਕਰ ਨਹੀਂ ਸਕਦੀ। ਤਾਂ ਨਿਰਗੁਣ ਬ੍ਰਹਮ ਨੂੰ ਸਰਗੁਣ ਬ੍ਰਹਮ ਵਿੱਚ ਤਬਦੀਲ ਕਰੇ ਤਾਂ ਕੌਣ ਕਰੇ ? ਜੇ ਕਿਤੇ ਅਕਾਲ ਪੁਰਖ ਕ੍ਰਿਪਾ ਕਰੇ ਤਾਂ, ਆਪ ਹੀ ਆਪਣੇ ਆਪ ਨੂੰ ਨਿਰਗੁਣ ਤੋਂ ਸਰਗੁਣ ਬ੍ਰਹਮ ਵਿੱਚ ਬਦਲੀ ਕਰੇ ਤਾਂ ਕਰੇ, ਨਹੀਂ ਤਾਂ ਇਹ ਹੋਰ ਕਿਸੀ ਦੇ ਵੱਸ ਦਾ ਰੋਗ ਨਹੀਂ ਹੈ।

ਸਰਗੁਣ ਨਿਰਗੁਣ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥

*(ਪੰਨਾ ੨੯੦)*

ਉਹ ਆਪ ਹੀ ਸਰਗੁਣ ਹੈ ਆਪ ਹੀ ਨਿਰਗੁਣ ਹੈ ਆਪ ਹੀ ਨਿਰੰਕਾਰ ਹੈ ਅਤੇ ਆਪ ਹੀ ਸੁੰਨ ਸਮਾਧੀ ਹੈ। ਉਹ ਇਨ੍ਹਾਂ ਹਾਲਤਾਂ ਵਿੱਚੋਂ ਕਿਸੀ ਵੀ ਹਾਲਤ ਵਿੱਚ ਵਿਚਰਦਾ ਰਹੇ, ਇਹ ਉਸ ਦੀ ਆਪਣੀ ਮਰਜ਼ੀ ਹੈ, ਉਸ ਦੀ ਆਪਣੀ ਰਜ਼ਾ ਹੈ। ਉਸੀ ਦਾ ਆਪਣਾ ਖੇਲ ਹੈ। ਉਹ ਆਪਣੇ ਖੇਲ ਨੂੰ ਆਪੇ ਹੀ ਖੇਲ ਖੇਲ ਕੇ ਦੇਖਦਾ ਹੈ। ਜਦੋਂ ਉਸ ਦੀ ਰਜ਼ਾ ਹੁੰਦੀ ਹੈ ਤਾਂ ਉਹ ਇਸ ਸਾਰੇ ਖੇਲ ਨੂੰ ਸਮੇਟ ਕੇ, ਇਕ ਦਾ ਇਕ ਹੀ ਹੋ ਬੈਹੰਦਾ ਹੈ।

ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥

*(ਪੰਨਾ ੨੯੨)*

ਜਿਕਰ ਚਲ ਰਿਹਾ ਸੀ ਸਤਿਗੁਰੂ ਦੀ ਭੂਮਿਕਾ ਜਾਂ ਰੋਲ ਦਾ ਦਾਸ ਨੇ ਉਪਰ ਜੋ ਕੁਝ ਵੀ ਲਿਖਿਆ ਹੈ ਉਸ ਤੋਂ ਇਕ ਗੱਲ ਤਾਂ ਉਭਰ ਕੇ ਸਾਹਮਣੇ ਆ ਗਈ ਹੈ ਕਿ ਸਤਿਗੁਰੂ ਦੀ ਭੂਮਿਕਾ ਨਿਭਾਏ ਤਾਂ, ਆਪ ਅਕਾਲ ਪੁਰਖ ਹੀ ਨਿਭਾਏ ਤਾਂ ਨਿਭਾਏ ਨਹੀਂ ਤਾਂ, ਹੋਰ ਵੱਡੇ ਤੋਂ ਵੱਡੇ, ਕਿਸੀ ਵੀ ਮਹਾਂਪੁਰਸ਼ ਦੇ ਵੱਸ ਦੀ ਇਹ ਗੱਲ ਨਹੀਂ ਹੈ। ਇਸ ਲਈ ਸਤਿਗੁਰੂ ਹੈ ਹੀ ਅਕਾਲ ਪੁਰਖ। ਅਕਾਲ ਪੁਰਖ ਤੋਂ ਬਗੈਰ ਹੋਰ ਕੋਈ ਵੀ ਸਤਿਗੁਰੂ ਨਹੀਂ ਹੈ।

ਆਦਿ ਅੰਤ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥ *(ਬੇਨਤੀ ਚੌਪਈ ਪੰਨਾ ੧੦)*

ਕਲਗੀਧਰ ਜੀ ਨੇ ਸਾਫ ਸ਼ਬਦਾਂ ਵਿੱਚ ਮੰਨਿਆ ਹੈ ਕਿ 'ਆਦਿ ਅੰਤ ਏਕੈ ਅਵਤਾਰਾ' ਭਾਵ ਅਕਾਲ ਪੁਰਖ ਹੀ ਉਨ੍ਹਾਂ ਦੇ ਗੁਰੂ ਹਨ ।

ਸਤਿਗੁਰੁ ਮੇਰਾ ਸਦਾ ਸਦਾ ਨ ਆਵੈ ਨ ਜਾਇ ॥
ਓਹ ਅਬਿਨਾਸੀ ਪੁਰਖ ਹੈ ਸਭ ਮਹਿ ਰਹਿਆ ਸਮਾਇ ॥

*(ਪੰਨਾ ੭੫੯)*

ਤੂ ਸਤਿਗੁਰੂ ਚਹੁ ਜੁਗੀ ਆਪਿ ਆਪੇ ਪਰਮੇਸਰੁ ॥

*(ਪੰਨਾ ੧੪●੬)*

ਸਤਿਗੁਰੁ ਦੇਉ ਪਰਤਖ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥

*(ਪੰਨਾ ੧੨੬੪)*

ਇਨ੍ਹਾਂ ਉਪਰ ਦਿੱਤੇ ਗੁਰਬਾਣੀ ਦੇ ਫ਼ਰਮਾਨਾਂ ਨੇ ਸਾਫ ਸਿੱਧ ਕਰ ਦਿੱਤਾ ਹੈ ਕਿ ਜੇ ਕੋਈ ਵੀ 'ਸਤਗੁਰੂ' ਹੈ ਤਾਂ ਉਹ ਖ਼ੁਦ ਅਕਾਲ ਪੁਰਖ ਹੀ ਸਤਿਗੁਰੂ ਹੈ ।

## ਅਕਾਲ ਪੁਰਖ, ਸਤਿਗੁਰੂ ਦੀ ਭੂਮਿਕਾ (Roll) ਕਿਵੇਂ ਨਿਭਾਉਂਦਾ ਹੈ ?

ਉਪਰ ਦਿੱਤੇ, ਇਸ ਪ੍ਰਸ਼ਨ ਦੇ ਉਤਰ ਲਈ ਕਿਸੀ ਹਕੂਮਤ ਦੇ ਕਾਰ ਵਿਹਾਰ ਦੀ ਵਿਧੀ ਨਾਲ ਜੋੜ ਕੇ, ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ । ਕਿਸੀ ਵੀ ਹਕੂਮਤ ਦਾ ਪ੍ਰਾਈਮ ਮਨਿਸਟਰ, ਆਪਣੀ ਹਕੂਮਤ ਦਾ ਕੰਮ ਚਲਾਉਣ ਲਈ, ਕਈ ਹੋਰ ਮਨਿਸਟਰ ਮੁਕਰਰ ਕਰਦਾ ਹੈ । ਹਰ ਇਕ ਮਨਿਸਟਰ ਨੂੰ ਦੇਖ ਰੇਖ ਲਈ, ਵੱਖੋ ਵੱਖ ਮਹਿਕਮੇ ਸੰਭਾਲ ਦਿੰਦਾ ਹੈ । ਜਿਸ ਮਹਿਕਮੇ ਨੂੰ ਉਹ ਬਹੁਤ ਜ਼ਰੂਰੀ ਸਮਝਦਾ ਹੈ, ਉਸ ਮਹਿਕਮੇ ਦੀ ਦੇਖ ਰੇਖ ਜਾਂ ਸੰਭਾਲ ਆਪਣੇ ਹੱਥ ਰੱਖਦਾ ਹੈ । ਇਸੀ ਤਰ੍ਹਾਂ ਹੀ ਅਕਾਲ ਪੁਰਖ ਨੇ ਆਪਣੀ ਕੁਦਰਤ ਦਾ ਨਿਜ਼ਾਮ ਚਲਾਉਣ ਲਈ, ਵੱਖ ਵੱਖ ਕੰਮਾਂ ਲਈ ਵੱਖੋ ਵੱਖ ਦੇਵਤੇ ਮੁਕਰਰ ਕੀਤੇ ਹੋਏ ਹਨ । ਜਿਵੇਂ ਕਿ -

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥

*(ਪੰਨਾ ੭)*

ਕਿਸੀ ਨੂੰ ਸੰਸਾਰ ਦੀ ਰਚਨਾ ਦਾ ਕੰਮ ਸੌਂਪਿਆ ਹੋਇਆ ਹੈ, ਕਿਸੀ ਦੇ ਜ਼ੁੰਮੇ ਇਸ ਦੀ ਪਰਵਰਿਸ਼ ਦਾ ਕੰਮ ਹੈ ਅਤੇ ਕੋਈ ਇਸ ਦੇ ਸੰਘਾਰ ਤੇ ਲਾਇਆ ਹੋਇਆ ਹੈ ।

ਧਰਮ ਰਾਇ ਨੋ ਹੁਕਮੁ ਹੈ ਬਹਿ ਸੱਚਾ ਧਰਮੁ ਬੀਚਾਰਿ ॥

*(ਪੰਨਾ ੩੮)*

ਧਰਮ ਰਾਏ ਨੂੰ ਸੁਪਰੀਮ ਕੋਰਟ ਦੇ ਚੀਫ ਜਸਟਿਸ ਵਾਂਗੂੰ ਸੰਸਾਰੀ ਜੀਵਾਂ ਦੇ ਕੀਤੇ ਹੋਏ ਕਰਮਾਂ ਤੇ ਗੌਰ ਕਰਕੇ, ਉਨ੍ਹਾਂ ਦਾ ਇਨਸਾਫ ਕਰਨੇ ਦਾ ਕੰਮ ਅਕਾਲ ਪੁਰਖ ਨੇ ਆਪਣੇ ਹੱਥ ਰਖਿਆ ਹੋਇਆ ਹੈ । ਉਸ ਨੇ ਆਪਣੀ ਹੀ ਖਾਸ ਅੰਸ਼ ਨੂੰ ਸੰਸਾਰ ਦੇ ਉਧਾਰ ਨਿਸਤਾਰੇ ਦਾ ਕੰਮ ਸੰਭਾਲਿਆ ਹੋਇਆ ਹੈ ।

ਅਕਾਲ ਪੁਰਖ ਦੀ ਇਹ ਖਾਸ ਅੰਸ਼ ਜਾਂ ਜੋਤਿ, ਜਿਸ ਦਿਨ ਤੋਂ ਸੰਸਾਰ ਦੀ ਰਚਨਾ ਹੋ, ਇਸ ਤੇ ਇਨਸਾਨ ਦੀ ਹੋਂਦ, ਵਜੂਦ ਵਿੱਚ ਆਈ ਹੈ, ਉਸੀ ਦਿਨ ਤੋਂ ਹੀ ਸੰਸਾਰ ਦੇ ਜੀਵਾਂ ਦਾ ਉਧਾਰ ਨਿਸਤਾਰਾ ਕਰਦੀ ਆ ਰਹੀ ਹੈ । ਅਕਾਲ ਪੁਰਖ ਦੀ ਇਸ ਅੰਸ਼ ਜਾਂ ਜੋਤਿ ਨੂੰ 'ਸਤਿਗੁਰੂ' ਦੇ ਨਾਮ ਦੇ ਨਾਲ ਪੁਕਾਰਿਆ ਜਾਂਦਾ ਹੈ । ਸੰਸਾਰ ਵਿੱਚ ਇਨਸਾਨੀ ਹੋਂਦ, ਵਜੂਦ ਵਿੱਚ ਆਈ ਨੂੰ ਇਲਮ ਜੋਤਿਸ਼ ਦੇ ਅਨੁਸਾਰ ਕੋਈ ਦੋ ਅਰਬ ਸਾਲ ਦੇ ਕਰੀਬ ਸਮਾਂ ਹੋ ਗਿਆ ਹੈ । ਇਹ ਅਕਾਲ ਪੁਰਖ ਦੀ 'ਸਤਿਗੁਰੂ' ਜੋਤਿ, ਕੋਈ ਦੋ ਅਰਬ ਸਾਲ ਤੋਂ ਹੀ ਕਿਸੀ ਨਾਂ ਕਿਸੀ ਧਰਤੀ ਦੇ ਲੋਕਾਂ ਦਾ ਉਧਾਰ ਨਿਸਤਾਰਾ ਕਰਦੀ ਆ ਰਹੀ ਹੈ । ਪਤਾ ਨਹੀਂ ਕਿ ਅੱਜ ਤੱਕ ਉਹ ਸਤਿਗੁਰੂ

ਜੋਤਿ ਕਿਤਨੀਆਂ ਲੱਖਾਂ ਕਰੋੜਾਂ ਧਰਤੀਆਂ ਦੇ ਕਿਤਨੇ ਅਰਬਾਂ ਖਰਬਾਂ ਇਨਸਾਨਾਂ ਦਾ ਉਧਾਰ ਕਰ ਚੁੱਕੀ ਹੈ। ਇਹ ਹੀ ਜੋਤਿ ਅੱਜ ਤੋਂ ਕੋਈ 535 ਸਾਲ ਪਹਿਲਾਂ ਸਾਡੀ ਧਰਤੀ ਤੇ ਵੀ ਆਈ । ਇਥੇ 239 ਸਾਲ ਵਿਚਰ ਆਪਣੀ ਜੋਤਿ ਨੂੰ ਦਸ ਵੱਖੋ ਵੱਖ ਜਾਮਿਆਂ ਵਿੱਚ ਪਲਟ, ਸਾਡੀ ਧਰਤੀ ਦੇ ਲੋਕਾਂ ਦੇ ਉਧਾਰ ਨਿਸਤਾਰੇ ਦਾ ਰਾਹ ਪੱਧਰਾ ਕੀਤਾ । ਦਸਵੇਂ ਜਾਮੇ ਪਿੱਛੋਂ, ਆਪਣੀ ਜੋਤਿ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਪ੍ਰਵੇਸ਼ ਕਰ ਕਿਸੀ ਹੋਰ ਧਰਤੀ ਦੇ ਲੋਕਾਂ ਦੇ ਕਲਿਆਣ ਹਿੱਤ, ਚਾਲੇ ਪਾ ਗਈ । ਅਕਾਲ ਪੁਰਖ ਦੀ ਇਸ ਜੋਤਿ ਨੂੰ ਇਸ ਧਰਤੀ ਤੇ 'ਸਤਿਗੁਰੂ ਨਾਨਕ ਦੇਵ ਜੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ । ਇਸ ਵਿਚਾਰ ਤੋਂ ਸਾਫ ਤੌਰ ਤੇ ਸਪਸ਼ਟ ਹੈ ਕਿ 'ਗੁਰੂ ਨਾਨਕ ਦੇਵ ਜੀ ਦੀ 'ਸਤਿਗੁਰ ਜੋਤਿ' ਸਿਰਫ ਸਿੱਖਾਂ ਦੀ ਹੀ ਗੁਰੂ ਨਹੀਂ, ਜਾਂ ਸਿਰਫ ਸਾਡੀ ਧਰਤੀ ਦੇ ਲੋਕਾਂ ਦੀ ਹੀ ਗੁਰੂ ਨਹੀਂ, ਸਗੋਂ ਪੂਰੇ ਸੰਸਾਰ ਦੀ ਇਨਸਾਨੀ ਆਬਾਦੀ ਦੀ ਗੁਰੂ ਹੈ ।

ਇਥੇ ਇਕ ਬਹੁਤ ਵੱਡੇ ਸ਼ੰਕੇ ਦਾ ਸਮਾਧਾਨ ਕਰਨਾ ਵੀ ਬਹੁਤ ਜ਼ਰੂਰੀ ਹੈ । ਉਹ ਇਹ ਕਿ ਬਹੁਤ ਸਾਰੇ ਸੱਜਣ ਇਹ ਸਮਝਦੇ ਹਨ ਕਿ ਗੁਰੂ ਨਾਨਕ ਦੇਵ ਜੀ ਜਨਮ ਤੋਂ ਹੀ 'ਸਤਿਗੁਰੂ' ਸਨ । ਜੇ ਇਸ ਵਿਚਾਰ ਨੂੰ ਦਰੁਸਤ ਮਨ ਲਿਆ ਜਾਏ ਤਾਂ ਮੰਨਣਾ ਪਏਗਾ ਕਿ ਅਕਾਲ ਪੁਰਖ ਇਕ ਮਾਤਾ ਦੇ ਗਰਭ ਵਿੱਚ ਆਏ ਅਤੇ ਇਨਸਾਨ ਦੀ ਜੂਨ ਵਿੱਚ ਜਨਮ ਲਿਆ । ਅਕਾਲ ਪੁਰਖ ਤਾਂ 'ਅਜੂਨੀ' ਹੈ । ਕਿਸੀ ਵੀ ਜੂਨ ਵਿੱਚ ਉਹ ਨਹੀਂ ਆਉਂਦਾ । ਜੇ ਜਨਮ ਤੋਂ ਹੀ 'ਗੁਰੂ' ਹੋਣਾ ਜ਼ਰੂਰੀ ਸਮਝ ਲਿਆ ਜਾਏ ਤਾਂ ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਜਿਨ੍ਹਾਂ ਨੌਂ ਗੁਰੂ ਸਾਹਿਬਾਨ ਨੇ ਗੁਰੂ ਗੱਦੀ ਸੰਭਾਲੀ ਤਾਂ ਉਨ੍ਹਾਂ ਨੇ, ਸਭ ਨੇ ਹੀ, ਪਹਿਲਾਂ ਵੱਖੋ ਵੱਖ ਤੌਰ ਤੇ, ਕਈ ਕਈ ਸਾਲ ਦੀ ਵੱਖੋ ਵੱਖ ਉਮਰ, ਇਕ ਆਮ ਇਨਸਾਨ ਦੇ ਤੌਰ ਤੇ ਭੋਗੀ । ਪਿਛੋਂ ਹੀ ਗੁਰੂ ਗੱਦੀ ਪ੍ਰਾਪਤ ਹੋਣ ਤੇ 'ਗੁਰੂ' ਕੈਹਲਾਏ । ਇਸ ਲਈ ਗੁਰੂ ਨਾਨਕ ਦੇਵ ਜੀ ਦਾ ਜਨਮ ਵੀ ਇਕ ਸਾਧਾਰਨ ਬਾਲਕ ਦੇ ਰੂਪ ਵਿੱਚ ਹੋਇਆ । ਜਨਮ ਹੋਣ ਤੋਂ ਪਿਛੋਂ ਹੀ ਅਕਾਲ ਪੁਰਖ ਦੀ 'ਸਤਿਗੁਰੂ' ਜੋਤਿ ਨੇ ਜਦੋਂ ਬਾਲਕ ਨਾਨਕ ਦੇ ਵਜੂਦ ਵਿੱਚ ਹਲੂਲ (ਪ੍ਰਵੇਸ਼) ਕੀਤਾ ਤਾਂ ਹੀ ਉਹ 'ਸਤਿਗੁਰੂ ਨਾਨਕ' ਬਣੇ । ਨਾਨਕ ਦਾ ਸਰੀਰ, ਸਤਿਗੁਰੂ ਜੋਤਿ ਦਾ, ਪਹਿਲਾ 'ਮਹੱਲ' ਬਣਿਆ । ਇਥੇ ਕੋਈ ਸੱਜਣ ਇਹ ਵੀ ਪ੍ਰਸ਼ਨ ਕਰ ਸਕਦਾ ਹੈ ਕਿ ਉਹ ਜਨਮ ਤੋਂ ਸਤਿਗੁਰੂ ਨਹੀਂ ਸਨ ਤਾਂ ਉਨ੍ਹਾਂ ਵਿੱਚ 'ਸਤਿਗੁਰੂ ਜੋਤਿ' ਨੇ ਕਦੋਂ ਪ੍ਰਵੇਸ਼ ਕੀਤਾ ? ਇਸ ਬਾਰੇ ਤਾਰੀਖ (ਇਤਿਹਾਸ) ਵਿੱਚ ਕੋਈ ਠੋਸ ਸਬੂਤ ਨਹੀਂ ਮਿਲਦਾ । ਇਸ ਲਈ ਸਾਨੂੰ ਇਹ ਹੀ ਆਖਣਾ ਪਏਗਾ ਕਿ -

*ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰ ਸੂਰਾ ॥*

*(ਪੰਨਾ ੯੩੦)*

ਸਤਿਗੁਰੂ ਨਾਨਕ ਦੇਵ ਜੀ, ਸਮੇਤ ਦਸੋਂ ਗੁਰੂ ਸਾਹਿਬਾਨ ਦੇ ਅੰਦਰ, ਅਕਾਲ ਪੁਰਖ ਦੀ ਜੋਤਿ ਹੀ ਕੰਮ ਕਰਦੀ ਸੀ, ਦੇ ਕੁਝ ਪ੍ਰਮਾਣ -

ਪਾਰ ਬ੍ਰਹਮ ਪੂਰਨ ਬ੍ਰਹਮ ਗੁਰੂ ਨਾਨਕ ਦੇਉ ॥

*(ਵਾਰਾਂ ਭਾਈ ਗੁਰਦਾਸ ੧੩/੨੫)*

ਸਤਿਗੁਰੂ ਨਾਨਕ ਦੇਉ ਆਪ ਉਪਾਇਆ ॥

*(ਵਾਰਾਂ ਭਾਈ ਗੁਰਦਾਸ ੨੦/੧)*

ਕਲ ਤਾਰਨ ਗੁਰੂ ਨਾਨਕ ਆਇਆ ॥

*(ਵਾਰਾਂ ਭਾਈ ਗੁਰਦਾਸ ੧/੨੩)*

ਨਾਨਕ ਸੋਧੇ ਸਿਮ੍ਰਿਤਿ ਬੇਦ ॥ ਪਾਰ ਬ੍ਰਹਮ ਗੁਰ ਨਾਹੀ ਭੇਦ ॥

*(ਪੰਨਾ ੧੧੪੨)*

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ *(ਪੰਨਾ ੧੪੦੮)*

ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲ ਕਰਿਯਉ ॥

*(ਪੰਨਾ ੧੩੯੫)*

ਇਸ ਵਿਸ਼ੇ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਵਿਚਾਰ, ਉਨ੍ਹਾਂ ਦੀ ਪੁਸਤਕ 'ਗੁਰਬਾਣੀ ਲਗ ਮਾਤ੍ਰਾਂ ਦੀ ਵਿਲਖਣਤਾ' ਵਿੱਚ ਇਸ ਪ੍ਰਕਾਰ ਦਰਜ ਹਨ ।

'ਗੁਰੂ ਨਾਨਕ ਸਾਹਿਬ ਅਜਲ ਅਬਦੀ ਗੁਰੂ ਹਨ । ਆਦਿ ਜੁਗਾਦੀ ਸਤਿਗੁਰੂ ਹਨ ।

ਓਹ ਆਦਿ ਜੁਗਾਦਿ ਜੁਗਹ ਜੁਗ ਪੂਰਾ ਪਰਮੇਸਰ ॥

*(ਪੰਨਾ ੩੯੫)*

ਆਦਿ ਅਜ਼ਲ ਤੋਂ ਹੀ ਪਰਮੇਸਵਰ ਰੂਪ ਹਨ। ਨਿਰੰਕਾਰ ਪਰਮੇਸ਼ਵਰ ਨਾਲ ਮੁਢ ਤੋਂ ਹੀ ਅਭੇਦ ਹਨ। ਨਿਰੰਕਾਰ ਵੱਲੋਂ ਹਰ ਜੁਗ ਅੰਦਰ ਨਿਰੰਕਾਰ ਦਾ ਆਕਾਰੀ ਰੂਪ ਧਾਰ ਕੇ, ਗੁਰੂ ਨਾਨਕ ਨਿਰੰਕਾਰੀ ਸਭ ਜੁਗੀਂ, ਜੀਵਾਂ ਦੇ ਉਧਾਰ ਲਈ ਆਉਂਦੇ ਰਹੇ ।'

## ਸਤਿਗੁਰੂ ਜੀ, ਨਾਮ ਨੂੰ ਗੁਪਤ ਹਾਲਤ ਤੋਂ, ਪ੍ਰਗਟ ਕਿਵੇਂ ਕਰਦੇ ਹਨ-

ਸਤਿਗੁਰੂ ਨਾਨਕ ਦੇਵ ਜੀ ਨੇ, ਵੱਖੋ ਵੱਖ ਦਸ ਜਾਮਿਆਂ ਵਿੱਚ ਵਿਚਰਦੇ ਹੋਏ, ਸਤਿਨਾਮੁ ਦਾ ਚੱਕਰ ਚਲਾਇਆ। (ਸਤਿਨਾਮੁ=ਵਾਹਿਗੁਰੂ), ਸਤਿਗੁਰੂ ਦੀ ਜੋਤਿ ਆਪਣੀ ਦੇਹ ਕਾਇਆ ਤਾਂ ਭਾਵੇਂ ਪਲਟਦੀ ਰਹੀ ਪਰ ਸਤਿਨਾਮੁ ਅਰਥਾਤ 'ਵਾਹਿਗੁਰੂ' ਦਾ ਚੱਕਰ ਚਲਾਉਣ ਦੀ ਜੁਗਤ ਪਹਿਲੇ ਵਾਲੀ ਹੀ ਰੱਖੀ ।

ਜੋਤਿ ਓਹਾ ਜੁਗਤਿ ਸਾਇ ਸਹ ਕਾਇਆ ਫੇਰ ਪਲਟੀਐ ॥

*(ਪੰਨਾ ੯੬੬)*

ਸਤਿਗੁਰੂ ਨਾਨਕ ਦੇਵ ਜੀ, ਸਰੀਰਕ ਤੌਰ ਤੇ ਅੱਜ ਸਾਡੇ ਵਿਚਕਾਰ ਮੌਜੂਦ ਨਹੀਂ ਹਨ। ਆਪ ਜੀ ਦੀ ਨਿਰੰਕਾਰੀ ਜੋਤਿ, ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਸਸ਼ੋਭਤ ਹੈ । ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਮੌਜੂਦ, ਪੰਜਾਂ ਪਿਆਰਿਆਂ ਵਿੱਚ ਦੂੰ ਵਿਚਰਦੀ ਹੋਈ, ਗੁਰੂ ਨਾਨਕ ਦੇਵ ਜੀ ਦੀ ਜੋਤਿ, ਅੰਮ੍ਰਿਤ ਅਭਿਲਾਖੀ ਜਨਾਂ ਨੂੰ, ਗੁਰ-ਸ਼ਬਦ ਦੀ ਬਖਸ਼ਿਸ਼ ਕਰਦੀ ਚਲੀ ਆ ਰਹੀ ਹੈ । ਗੁਰ-ਸ਼ਬਦ ਵਾਹਿਗੁਰੂ ਦੀ ਬਖਸ਼ਿਸ਼ ਦੀ ਜੁਗਤਿ, ਬੈਸਾਖੀ ਸਨ 1699 ਤੱਕ, ਦਸਾਂ ਹੀ ਜਾਮਿਆਂ ਅੰਦਰ, 'ਚਰਨ ਪਾਹੁਲ' ਅਖਵਾਉਂਦੀ ਸੀ। ਦਸਵੇਂ ਜਾਮੇ ਵਿੱਚ ਆ ਕੇ ਅੱਗੋਂ ਦੇਹ ਧਾਰੀ ਗੁਰੂ ਦਾ ਸਿਲਸਿਲਾ ਖਤਮ ਕਰਨਾ ਸੀ, ਇਸ ਲਈ ਇਸ ਜੁਗਤਿ ਨੂੰ,

ਪੀਅਹੁ ਪਾਹੁਲ ਖੰਡੇ ਧਾਰ ਹੁਇ ਜਨਮ ਸੁਹੇਲਾ ॥

*(ਵਾਰ ੪੧/੧)*

ਜਾਂ ਖੰਡੇ ਬਾਟੇ ਦਾ ਅੰਮ੍ਰਿਤ ਦਾ ਨਾਮ ਦਿੱਤਾ ਜਾਣ ਲੱਗਾ । ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅੱਜ ਪੰਜ ਪਿਆਰਿਆਂ ਤੱਕ, 'ਜੋਤ', ਗੁਰੂ ਨਾਨਕ ਦੇਵ ਜੀ ਦੀ ਹੀ ਚਲੀ ਆ ਰਹੀ ਹੈ । ਅੰਮ੍ਰਿਤ ਤਿਆਰ ਕਰਨ ਲਈ, ਸੰਗਤ ਕੁਝ ਚੋਣਵੇਂ ਗੁਰਮੁੱਖ ਸਿੰਘਾਂ ਨੂੰ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਭੇਜਦੀ ਹੈ । ਭੇਜੇ ਗਏ ਸਿੰਘਾਂ ਦੀ ਪਰਖ ਪੜਤਾਲ ਹੁੰਦੀ ਹੈ । ਯੋਗ ਸਿੰਘਾਂ ਵਿੱਚੋਂ ਛੇ ਸਿੰਘਾਂ ਨੂੰ, ਅੱਗੋਂ ਅਭਿਲਾਖੀ ਸੱਜਣਾਂ ਦੀ ਪਰਖ ਪੜਤਾਲ ਅਤੇ ਅੰਮ੍ਰਿਤ ਦੀ ਤਿਆਰੀ ਦੀ ਸੇਵਾ ਸੌਂਪੀ ਜਾਂਦੀ ਹੈ । ਉਨ੍ਹਾਂ ਵਿੱਚੋਂ ਇਕ ਸਿੰਘ, ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜ ਜਾਂਦਾ ਹੈ । ਪੰਜ ਸਿੰਘ, ਪੰਜ ਪਿਆਰਿਆਂ ਦੇ ਰੂਪ ਵਿੱਚ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਖੜ੍ਹੇ ਹੋ ਜਾਂਦੇ ਹਨ । ਪੰਚ ਸਿੰਘ ਅੰਮ੍ਰਿਤ ਅਭਿਲਾਖੀ ਜਨਾਂ ਦੀ ਪਰਖ ਪੜਤਾਲ ਕਰਦੇ ਹਨ ਕਿ ਉਨ੍ਹਾਂ ਦੀ ਹਿਰਦੇ ਰੂਪੀ ਧਰਤੀ, ਨਾਮ ਦਾ ਬੀਜ ਬੀਜਣ ਦੇ ਯੋਗ ਵੀ ਹੈ ਜਾਂ ਨਹੀਂ ? ਯੋਗ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਨੇ ਦੀ

ਆਗਿਆ ਦੇ ਦਿੱਤੀ ਜਾਂਦੀ ਹੈ । ਅਯੋਗ ਜਨਾਂ ਨੂੰ ਤਿਆਰੀ ਕਰਨੇ ਲਈ ਹੋਰ ਸਮਾਂ ਦੇ ਦਿੱਤਾ ਜਾਂਦਾ ਹੈ। ਪੰਜ ਪਿਆਰੇ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਹਨ। ਅਭਿਲਾਖੀ ਜਨਾਂ ਨੂੰ ਵਾਰੀ ਵਾਰੀ ਅੰਮ੍ਰਿਤ ਪਾਨ ਕਰਵਾਇਆ ਜਾਂਦਾ ਹੈ।

## ਅੰਮ੍ਰਿਤ ਪਾਨ ਕਰਨੇ ਸਮੇਂ ਹੁੰਦਾ ਕੀ ਹੈ ?

ਜਿਵੇਂ ਉਪਰ ਜ਼ਿਕਰ ਕੀਤਾ ਹੈ, ਸਤਿਗੁਰੂ ਨਾਨਕ ਦੇਵ ਜੀ ਦੀ ਜੋਤਿ, ਪੰਚ ਜਨਾਂ ਵਿੱਚ ਵਿਚਰਦੀ ਹੋਈ, ਅੰਮ੍ਰਿਤ ਅਭਿਲਾਖੀ ਅੰਦਰ ਪਹਿਲਾਂ ਤੋਂ ਮੌਜੂਦ ਨਾਮ ਦੀ ਸ਼ਕਤੀ ਨੂੰ ਗੁਪਤੋਂ ਪ੍ਰਗਟ ਕਰ, ਹਰਕਤ ਵਿੱਚ ਲਿਆ, **Vibrate** ਕਰ ਦਿੰਦੀ ਹੈ । ਨਾਮ ਦੀ **Vibration** ਨਾੜ ਨਾੜ ਵਿੱਚ ਫਿਰ ਜਾਂਦੀ ਹੈ । ਅੰਦਰ 'ਵਾਹਿਗੁਰੂ' ਸ਼ਬਦ ਦੀ ਆਵਾਜ਼ ਦੀ ਰੌ ਜਾਰੀ ਹੋ ਜਾਂਦੀ ਹੈ। ਨਾਮ ਦੇ ਗੁਪਤੋਂ ਪ੍ਰਗਟ ਹੋਣੇ ਦੀ ਕਿਰਿਆ ਨੂੰ, ਅੰਮ੍ਰਿਤ-ਕਲਾ ਦਾ ਵਰਤਣਾ ਆਖਦੇ ਹਨ, ਜਿਸ ਦਾ ਸੰਖੇਪ ਜੇਹਾ ਜ਼ਿਕਰ ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੀ ਪੁਸਤਕ ***'ਗੁਰਮੱਤ ਗੌਰਵਤਾ'*** ਵਿੱਚ ਇਸ ਪ੍ਰਕਾਰ ਕਰਦੇ ਹਨ-

'ਗੁਰੂ ਗ੍ਰੰਥ ਸਾਹਿਬ ਦੀ ਤਾਬੇ, ਗੁਰੂ ਸਰੂਪ ਨਾਮ ਅਭਿਆਸੀ, ਪੰਜ ਪਿਆਰਿਆਂ, ਦੁਆਰਾ, ਸੱਚਾ ਗੁਰ ਦੀਖਿਆ ਮਈ ਸ਼ਬਦ ਮਿਲਦਾ ਹੈ । ਇਹ ਸ਼ਬਦ ਉਪਦੇਸ਼ ਕੀ ਹੈ ? ਨਿਰੀ ਨਾਮ ਅਭਿਆਸ ਦੀ ਥਰਰਾਟ ਅੰਤਰ ਆਤਮੇ ਚਲ ਪੈਂਦੀ ਹੈ । ਇਸ ਗੁਰ ਦੀਖਿਆ ਮਿਲੇ ਬਿਨਾ ਨਾਮ ਅਭਿਆਸ ਦੀ ਨਿਗੁਣੀ ਥਰਰਾਟ, ਅੰਤਰ ਆਤਮੇ ਉਪਜਦੀ ਨਹੀਂ । ਜਿਨ੍ਹਾਂ ਤੇ ਗੁਰੂ ਦੀ ਖਾਸ ਕ੍ਰਿਪਾ ਕਟਾਖਸ਼ ਹੁੰਦੀ ਹੈ ਤਿੰਨ੍ਹਾਂ ਦੇ ਅੰਦਰ ਹੀ, ਉਪਰ ਦਿੱਤੀ ਵਿਉਂਤ ਅਨੁਸਾਰ, ਨਾਮ ਵਸਦਾ, ਧਸਦਾ ਤੇ ਰਸਦਾ ਹੈ ।'

ਇਸੀ ਪਰਥਾਏ ਹੀ ਪੁਸਤਕ 'ਅਣਡਿੱਠੀ ਦੁਨੀਆਂ' ਵਿੱਚ ਭਾਈ ਸਾਹਿਬ ਰਣਧੀਰ ਸਿੰਘ ਜੀ ਇਸ ਪ੍ਰਕਾਰ ਲਿਖਦੇ ਹਨ ਕਿ 'ਗੁਰੂ ਸਾਧ ਰੂਪੀ ਪਾਰਸ ਭੇਟਣ ਸਾਰ ਹੀ ਇਹ ਚੁੰਬਕ ਕਲਾ ਵਰਤ ਜਾਂਦੀ ਹੈ ਕਿ ਤੁਰਤ ਫੁਰਤ ਹੀ ਚਿੰਤਾਮਣੀ ਨਾਮ ਦੀ ਜੋਤਿ ਬਿਜਲਾਨੀ ਰੌ, ਉਤਮ ਤੇ ਵਡਭਾਗੇ ਜਗਿਆਸੂ ਦੇ ਰੋਮ ਰੋਮ ਅੰਦਰ ਅਤੇ ਉਸ ਦੀ ਨਾੜ ਨਾੜ ਅੰਦਰ ਫਿਰ ਜਾਂਦੀ ਹੈ। ਅਣਵਸ ਹੀ, ਆਪ ਹੁਦਰੋਂ ਨਾਮ ਦੇ ਤੋਰੇ ਤੁਰ ਪੈਂਦੇ ਹਨ, ਜੋ ਤੁਰੇ ਹੀ ਰਹਿੰਦੇ ਹਨ। ਉਠਤ, ਬੈਠਤ, ਸੋਵਤ, ਜਾਗਤ, ਨਾਮ ਦਾ ਖੰਡਾ ਖੜਕਦਾ ਹੀ ਰਹਿੰਦਾ ਹੈ ।'

ਅੰਦਰੋਂ ਜਾਰੀ ਹੋਈ ਨਾਮ ਜਾਂ ਵਾਹਿਗੁਰੂ ਸ਼ਬਦ ਦੀ ਰੌ ਨਾਲ ਜੁੜਨੇ ਲਈ, ਪੰਜ ਪਿਆਰੇ, ਵਾਹਿਗੁਰੂ ਸ਼ਬਦ ਦੇ ਜਾਪ ਦੀ, ਅਰਧ ਉਰਧੀ, ਸੁਆਸ ਗਿਰਾਸੀ ਜੁਗਤੀ ਦ੍ਰਿੜ੍ਹ ਕਰਵਾਉਂਦੇ ਹਨ । ਇਸ ਜੁਗਤੀ, ਦੁਆਰਾ, ਅੱਗੋਂ ਅਸੀਂ ਸਾਰੀ ਉਮਰ ਨਾਮ ਦਾ ਅਭਿਆਸ ਕਰਨਾ ਹੁੰਦਾ ਹੈ । ਕਿਸੀ ਕਿਸੀ ਵਡਭਾਗੇ ਵਿਰਲੇ ਸੱਜਣ ਤੇ ਐਸੀ ਕਲਾ ਵਰਤਦੀ ਹੈ ਕਿ ਉਸ ਦਾ ਨਾਮ ਦਾ ਖੰਡਾ, ਇਤਨਾ ਜ਼ੋਰ ਜ਼ੋਰ ਨਾਲ ਖੜਕਣਾ ਸ਼ੁਰੂ ਹੋ ਜਾਂਦਾ ਹੈ ਕਿ ਪੰਚ ਜਨਾਂ ਨੂੰ ਉਸ ਦੀ ਸੰਭਾਲ ਕਰਕੇ, ਆਮ ਸਾਧਾਰਨ ਹਾਲਤ ਤੱਕ ਲਿਆਉਣ ਲਈ, ਮਦਦ ਕਰਨੀ ਪੈਂਦੀ ਹੈ, ਕਿਸੀ ਕਿਸੀ ਦੀ ਅੰਮ੍ਰਿਤ ਪਾਨ ਕਰਦੇ ਸਾਰ ਹੀ ਸਮਾਧੀ ਵੀ ਲੱਗ ਜਾਂਦੀ ਹੈ । ਜਦੋਂ ਸਾਰੇ ਸੱਜਣ ਅੰਮ੍ਰਿਤ ਪਾਨ ਕਰ ਚੁਕਦੇ ਹਨ ਤਾਂ ਪੰਚਾਂ ਵਿੱਚੋਂ ਇਕ ਸਿੰਘ ਰਹਿਤ ਮਰਯਾਦਾ ਦ੍ਰਿੜ੍ਹ ਕਰਵਾਉਂਦੇ ਹਨ ।

ਅੰਮ੍ਰਿਤ ਸੰਚਾਰ ਸਮਾਗਮ ਸਮੇਂ, ਗੁਰੂ ਨਾਨਕ ਦੇਵ ਜੀ ਦੀ ਜੋਤਿ ਪੰਚਾਂ ਵਿੱਚ ਵਿਚਰਦੀ ਹੋਈ, ਅੰਮ੍ਰਿਤ ਅਭਿਲਾਖੀ ਸੱਜਣਾਂ ਅੰਦਰ, ਅੰਮ੍ਰਿਤ ਕਲਾ ਆਪ ਵਰਤਾਉਂਦੀ ਹੈ । ਇਸ ਪਰਥਾਏ ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੀ ਪੁਸਤਕ 'ਅਨਹਦ ਸ਼ਬਦ-ਦਸਮ ਦੁਆਰ' ਵਿੱਚ ਲਿਖਦੇ ਹਨ ਕਿ-

"ਗੁਰੂ ਘਰ ਦੇ ਗੁਰਮੁਖ ਜਨਾਂ ਪਿਆਰਿਆਂ ਅੰਦਰ, ਅੰਮ੍ਰਿਤ ਤਿਆਰ ਕਰਨੇ ਸਮੇਂ ਅੱਜ ਗੈਬੀ ਹੁਕਮ ਇਲਾਹੀ ਅੰਦਰ, ਇਨ ਬਿਨ ਸਤਿਗੁਰੂ ਕਲਾ ਧਾਰੀ ਦੀਆਂ, ਅਰਧੀ ਬਰਕਤਾਂ ਵਾਲੀ ਕਲਾ ਵਰਤਦੀ ਹੈ।" ਪੁਸਤਕ-'ਗੁਰਮਤਿ ਕਰਮ ਫਿਲਾਸਫੀ' ਵਿੱਚ ਵੀ ਲਿਖਦੇ ਹਨ ਕਿ 'ਅੰਮ੍ਰਿਤ ਸੰਚਾਰ ਸਮੇਂ ਪੰਜਾਂ ਪਿਆਰਿਆਂ ਦੇ ਰੂਪ

ਵਿੱਚ ਸਤਿਗੁਰੂ ਨਾਨਕ ਦਸਮੇਸ਼ ਜੀ ਪ੍ਰਤੱਖ ਹਾਜ਼ਰ ਹੁੰਦੇ ਹਨ । ਵਡਭਾਗਿਆਂ ਜਗਿਆਸੂਆਂ ਨੂੰ ਪ੍ਰਤੱਖ ਦਰਸ਼ਨ ਵੀ ਹੋ ਜਾਂਦੇ ਹਨ ।'

ਅੰਮ੍ਰਿਤ ਕਲਾ ਦਾ ਵਰਤਣਾ, ਇਸ ਕਿਰਿਆ ਦਾ ਮੁੱਖ ਪ੍ਰਯੋਜਨ ਹੈ । ਜੇ ਕਰ ਆਮ ਸਾਧਾਰਨ ਬੰਦਿਆਂ ਨੂੰ ਇਸ ਸੇਵਾ ਵਿੱਚ ਲੈ ਲਿਆ ਜਾਂਦਾ ਹੈ ਤਾਂ ਐਸੇ ਪੰਜ ਪਿਆਰੇ, ਅਕਾਲੀ ਸ਼ਕਤੀਆਂ ਤੋਂ ਖਾਲੀ ਹੋਣ ਕਰਕੇ, ਪਹਿਲਾਂ ਤਾਂ ਅੰਮ੍ਰਿਤ ਅਧਿਕਾਰੀ ਦੀ ਪਰਖ ਨਹੀਂ ਕਰ ਸਕਦੇ । ਦੂਸਰੇ ਆਪ ਨਾਮ ਅਭਿਆਸੀ ਨਾ ਹੋਣ ਕਰਕੇ, ਨਾਮ ਬੀਜਣ ਦੇ ਯੋਗ ਨਹੀਂ ਹੁੰਦੇ । ਭਾਈ ਸਾਹਿਬ ਰਣਧੀਰ ਸਿੰਘ ਜੀ ਪੁਸਤਕ 'ਲਗ ਮਾਤ੍ਰਾਂ ਦੀ ਵਿਲਖਣਤਾ' ਵਿੱਚ ਲਿਖਦੇ ਹਨ ਕਿ-

"ਜਿਵੇਂ ਡਿੰਭੀ ਗੁਰੂਆਂ ਦੀ ਡਿੰਭਤਾ ਗੁਰੂ ਘਰ (ਗੁਰਮਤਿ) ਵਿੱਚ ਖੰਡਨ ਹੈ । ਇਸੇ ਪ੍ਰਕਾਰ ਪੰਜ ਪਿਆਰਿਆਂ ਦੀ ਡਿੰਭਤਾ ਦਾ ਵੀ ਖੰਡਨ ਹੈ । ਡਿੰਭੀ ਪੰਜ ਪਿਆਰਿਆਂ ਦੁਆਰਾ, ਉਹ ਕਲਾ ਆਕਰਖਣੀ ਕਦੇ ਨਹੀਂ ਵਰਤਦੀ ਜੋ ਅਭਿਆਸ ਕਮਾਈ ਵਾਲੇ ਗੁਰਮੁੱਖ ਜੀਵਨ ਜੀਵਨੀ ਵਾਲੇ ਪੰਜ ਪਿਆਰਿਆਂ ਦੁਆਰਾ ਵਰਤਦੀ ਹੈ ।"

## *ਇਸ ਪ੍ਰਥਾਏ, ਅੰਮ੍ਰਿਤ ਸੰਚਾਰ ਸਮਾਗਮਾਂ ਵਿੱਚ ਬੀਤ ਚੁੱਕੇ ਕੁਝ ਵਾਕਿਆਤ ਪੇਸ਼-ਏ-ਖਿਦਮਤ ਹਨ ਜੋ ਇਸ ਪ੍ਰਕਾਰ ਹਨ -*

1) ਇਕ ਦਫਾ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਅਗਵਾਈ ਵਿੱਚ, ਅੰਮ੍ਰਿਤ ਸੰਚਾਰ ਸਮਾਗਮ ਹੋ ਰਿਹਾ ਸੀ, ਜਿਸ ਵੇਲੇ ਇਕ ਦੋ ਸੱਜਣਾਂ ਨੂੰ ਅੰਮ੍ਰਿਤ ਛਕਾਇਆ ਗਿਆ ਤਾਂ ਉਹ ਕਲਾ ਨਾ ਵਰਤੀ ਜੋ ਵਰਤਣੀ ਚਾਹੀਦੀ ਸੀ । ਭਾਈ ਸਾਹਿਬ ਨੇ ਅੰਮ੍ਰਿਤ ਅਭਿਲਾਖੀਆਂ ਨੂੰ ਬਾਹਰ ਭੇਜ ਦਿੱਤਾ । ਪੰਜ ਪਿਆਰਿਆਂ ਦੀ ਦੋਬਾਰਾ ਸੋਧ ਸੁਧਾਈ ਕੀਤੀ ਗਈ ਤਾਂ ਇਕ ਪੰਚ ਸੱਜਣ ਵਿੱਚ ਕੁਝ ਉਣਤਾਈ ਪਾਈ ਗਈ ਜੋ ਪਹਿਲੀ ਸੋਧ ਸੁਧਾਈ ਵੇਲੇ, ਕਿਸੀ ਕਾਰਨ ਸਾਹਮਣੇ ਨਾ ਆਈ ਸੀ, ਉਸ ਦੀ ਥਾਂ ਹੋਰ ਸੱਜਣ ਸ਼ਾਮਿਲ ਕਰਕੇ, ਸਮਾਗਮ ਪੂਰਾ ਕੀਤਾ ਗਿਆ।

2) ਇਕ ਵਾਰੀ ਬਾਬੂ ਮੱਲ ਸਿੰਘ ਜੀ ਨੇ, ਇਹ ਆਪ ਬੀਤੀ ਸੁਣਾਈ ਕਿ ਉਨ੍ਹਾਂ ਦੀ ਅਗਵਾਈ ਵਿੱਚ ਲੁਧਿਆਣੇ ਅੰਮ੍ਰਿਤ ਸੰਚਾਰ ਸਮਾਗਮ ਹੋ ਰਿਹਾ ਸੀ । ਅੰਮ੍ਰਿਤ ਅਭਿਲਾਖੀਆਂ ਦੀ ਪੁਛ ਪੜਤਾਲ ਚੱਲ ਰਹੀ ਸੀ । ਉਸ ਇਲਾਕੇ ਦੇ ਇਕ ਮੰਨੇ ਪ੍ਰਮੰਨੇ ਸੰਤ, ਜਿਨ੍ਹਾਂ ਦਾ ਨਾਮ ਉਨ੍ਹਾਂ ਨੇ ਗੁਪਤ ਹੀ ਰੱਖਿਆ, ਅੰਮ੍ਰਿਤ ਦੀ ਦਾਤ ਲਈ ਪੇਸ਼ ਹੋਏ । ਬਾਬੂ ਜੀ ਦਸਦੇ ਹਨ ਕਿ ਉਨ੍ਹਾਂ ਨੇ ਸਾਧਾਰਨ ਪੁਛ ਪੜਤਾਲ ਕਰਕੇ, ਹੋਰ ਪੁਛ ਪੜਤਾਲ ਤੋਂ ਕੁਝ ਸੰਕੋਚ ਕੀਤਾ । ਸੰਕੋਚ ਇਸ ਖਿਆਲ ਨਾਲ ਕੀਤਾ ਕਿ ਇਹ ਇਕ ਸੰਤ ਹਨ, ਇਸ ਲਈ ਇਨ੍ਹਾਂ ਵਿੱਚ ਕੋਈ ਖਾਸ ਨੁਕਸ ਜਾਂ ਗਲਤੀ, ਸ਼ਾਇਦ ਨਹੀਂ ਹੋਵੇਗੀ । ਬਾਬੂ ਜੀ ਉਸ ਸੰਤ ਨੂੰ, ਅੰਮ੍ਰਿਤ ਪਾਨ ਕਰਨੇ ਦੀ ਆਗਿਆ ਦੇਣ ਹੀ ਵਾਲੇ ਸਨ ਕਿ ਪਿਛੇ ਤੋਂ ਗੋਡੇ ਦੀ ਇਕ ਹੁਝ ਵੱਜੀ ਅਤੇ ਨਾਲ ਦੀ ਨਾਲ ਆਵਾਜ਼ ਆਈ 'ਇਸ ਨੂੰ ਹੋਰ ਪੁਛ।' ਬਾਬੂ ਜੀ ਨੇ ਪਿਛੇ ਮੁੜ ਕੇ ਦੇਖਿਆ ਤਾਂ ਉਥੇ ਕੋਈ ਆਦਮੀ ਨਹੀਂ ਸੀ । ਜਦੋਂ ਉਸ ਸੰਤ ਤੋਂ ਹੋਰ ਪੁਛ ਪੜਤਾਲ ਕੀਤੀ ਤਾਂ ਉਹ ਚੌਹਾਂ ਹੀ ਬੱਜਰ ਕੁਰਹਿਤਾਂ ਦਾ ਦੋਸ਼ੀ ਪਾਇਆ ਗਿਆ ।

3) ਇਕ ਵਾਰ ਲੁਧਿਆਣੇ ਹੀ ਸਮਾਗਮ ਹੋ ਰਿਹਾ ਸੀ, ਦਾਸ ਵੀ ਉਸ ਸਮਾਗਮ ਵੇਲੇ ਅੰਦਰ ਹੀ ਸੀ । ਅਭਿਲਾਖੀ ਜਨਾਂ ਨੂੰ ਵਾਰੀ ਵਾਰੀ ਅੰਮ੍ਰਿਤ, ਛਕਾਇਆ ਜਾ ਰਿਹਾ ਸੀ । ਇਕ ਸੱਜਣ, ਅੰਮ੍ਰਿਤਪਾਨ ਕਰਨੇ ਲਈ ਪੰਚ ਜਨਾਂ ਦੇ ਪਾਸ ਬੈਠਾ ਤਾਂ ਬਾਬੂ ਜੀ ਨੇ ਕੇਸਾਂ ਵਿੱਚ ਅੰਮ੍ਰਿਤ ਦੇ ਚੂਲੇ ਸਜਾਉਣ ਲਈ, ਉਸ ਸੱਜਨ ਦੀ ਕੇਸਕੀ ਦਾ ਲੜ ਇਕ ਪਾਸੇ ਕਰਕੇ, ਉਸ ਦੇ ਸਿਰ ਤੇ ਹੱਥ ਰਖਿਆ ਤਾਂ ਬਾਬੂ ਜੀ ਇਕ ਦਮ ਅੱਬੜਵਾਹੇ ਬੋਲੇ, "ਓਏ ਤੈਂ ਤਾਂ ਅੰਮ੍ਰਿਤ ਛਕਿਆ ਹੋਇਆ ਹੈ । ਤੂੰ ਕੀ ਲੈਣ ਆਇਆ ਹੈ।" ਉਸ ਸੱਜਨ ਨੇ ਹਾਂ ਵਿੱਚ ਉਤਰ ਦਿੱਤਾ ਤੇ ਆਖਿਆ, ਜੀ ਮੈਂ ਚੂਲਾ ਲੈਣਾ ਚਾਹੁੰਦਾ ਹਾਂ । ਬਾਬੂ ਜੀ ਬੋਲੇ, "ਤੈਨੂੰ ਅੰਮ੍ਰਿਤ ਦੀ ਲੋੜ ਨਹੀਂ ਹੈ । ਪਰੇ ਹੋ ਕੇ ਬੈਠ ਜਾ । ਮਗਰੋਂ ਚੂਲਾ ਲੈ ਲਵੀਂ ।" ਚਲਦੇ ਸਮਾਗਮ ਵਿੱਚ ਤਾਂ ਕੋਈ ਗੱਲ ਕਰਨੀ ਮੁਨਾਸਿਬ ਨਹੀਂ ਸੀ, ਬਾਬੂ

ਜੀ ਫੇਰ ਕਦੇ ਆਪਣੇ ਸਨੇਹੀ, ਭਾਈ ਮਨਸ਼ਾ ਸਿੰਘ ਨਵਾਂ ਸ਼ਹਿਰ ਦੇ ਘਰ, ਇਕ ਅਖੰਡ ਪਾਠ ਸਮਾਗਮ ਤੇ ਗਏ ਤਾਂ ਦਾਸ ਨੇ ਉਨ੍ਹਾਂ ਤੋਂ ਪੁਛਿਆ ਕਿ ਆਪ ਜੀ ਨੇ ਲੁਧਿਆਣੇ ਸਮਾਗਮ ਵਿੱਚ ਇਕ ਸੱਜਨ ਦੇ ਸਿਰ ਤੇ ਹੱਥ ਲਗਦਿਆਂ ਹੀ ਆਖਿਆ ਸੀ ਕਿ ਓਏ ਤੈਂ ਤਾਂ ਅੰਮ੍ਰਿਤ ਛਕਿਆ ਹੋਇਆ ਹੈ । ਇਸ ਦਾ ਭਾਵ ਹੋਇਆ ਕਿ ਅੰਮ੍ਰਿਤਧਾਰੀ ਸੱਜਨਾਂ ਦੇ ਅੰਦਰ ਕੋਈ ਖਾਸ ਕਲਾ ਵਰਤਦੀ ਹੈ, ਜਿਸ ਦੀ ਆਪ ਜੀ ਨੂੰ ਤਾਂ ਪਛਾਣ ਹੈ ਪਰ ਸਾਨੂੰ ਕੁਝ ਪਤਾ ਨਹੀਂ । ਇਸ ਬਾਰੇ ਕੁਝ ਦੱਸਣ ਦੀ ਕ੍ਰਿਪਾ ਕਰੋ, ਕਿ ਇਸ ਦੀ ਕਿਆ ਨਿਸ਼ਾਨੀ ਹੈ ? ਬਾਬੂ ਜੀ ਨੇ ਉਤਰ ਦਿੱਤਾ ਕਿ ਇਸ ਨਿਸ਼ਾਨੀ ਦਾ ਰਾਜ, ਦਸਮੇਸ਼ ਪਿਤਾ ਜੀ ਤੋਂ ਅੱਗੇ, ਸੀਨਾ-ਬ-ਸੀਨਾ, ਗੁਪਤ ਚੱਲਿਆ ਆ ਰਿਹਾ ਹੈ । ਅੱਗੇ ਕਿਸੀ ਉਚਿਤ ਅਧਿਕਾਰੀ ਤੱਕ ਹੀ ਇਸ ਰਾਜ ਦੀ ਬਖਸ਼ਿਸ਼ ਕੀਤੀ ਜਾਂਦੀ ਹੈ। ਇਸ ਨੂੰ ਆਮ ਖੁਲ ਖੇਡ ਨਹੀਂ ਬਣਾਇਆ ਜਾ ਸਕਦਾ ।

## ਉਪਰ ਲਿਖੇ ਵਾਕਿਆਤ ਦੀ ਰੌਸ਼ਨੀ ਵਿੱਚ ਹੇਠ ਲਿਖੇ ਨਤੀਜੇ ਨਿਕਲਦੇ ਹਨ-

ੳ) ਅੰਮ੍ਰਿਤ ਸੰਚਾਰ ਸਮਾਗਮ ਵਿੱਚ ਪੂਰਨ ਗੁਰਸਿੱਖ ਹੀ, ਪੰਚਾਂ ਦੀ ਸੇਵਾ ਲਈ ਸ਼ਾਮਿਲ ਹੋਣ ਦੇ ਅਧਿਕਾਰੀ ਹੁੰਦੇ ਹਨ । ਢਿੱਲੇ ਮੱਠੇ ਸੱਜਨਾਂ ਦੀ ਸ਼ਮੂਲੀਅਤ, ਅੰਮ੍ਰਿਤ ਕਲਾ ਨਹੀਂ ਵਰਤਾ ਸਕਦੀ ।

ਅ) ਅੰਮ੍ਰਿਤ ਸੰਚਾਰ ਸਮਾਗਮਾਂ ਵਿੱਚ, ਸਤਿਗੁਰੂ ਜੀ ਦੀ ਜੋਤਿ, ਗੁਪਤ ਰੂਪ ਵਿੱਚ ਮੌਜੂਦ ਹੁੰਦੀ ਹੈ । ਇਹ ਜੋਤਿ ਹੀ, ਅੰਮ੍ਰਿਤ ਅਭਿਲਾਖੀਆਂ ਅੰਦਰ, ਅੰਮ੍ਰਿਤ ਕਲਾ ਵਰਤਾਉਂਦੀ ਹੈ ।

ੲ) ਅੰਮ੍ਰਿਤ ਪਾਨ ਸਮੇਂ ਸਾਡੇ ਅੰਦਰ ਕੋਈ ਐਸੀ ਖਾਸ ਕਲਾ ਵਰਤਦੀ ਹੈ, ਜਿਸ ਦੀ ਕੋਈ ਖਾਸ ਨਿਸ਼ਾਨੀ ਵੀ ਹੈ, ਭਾਵੇਂ ਸਾਨੂੰ ਉਸ ਕਲਾ ਅਤੇ ਨਿਸ਼ਾਨੀ ਦਾ ਕੋਈ ਗਿਆਨ ਨਹੀਂ ਹੈ ।

ਹੁਣ ਅੱਗੋਂ ਅਸੀਂ ਪੰਜ ਪਿਆਰਿਆਂ ਵੱਲੋਂ ਦ੍ਰਿੜ੍ਹ ਕਰਾਈ ਵਿਧੀ ਅਨੁਸਾਰ ਨਾਮ ਦਾ ਅਭਿਆਸ, ਅਨਦਿਨ (ਦਿਨੇ-ਰਾਤ) ਸਾਸ-ਗਰਾਸ ਜਾਂ ਲਗਾਤਾਰ ਜਾਰੀ ਰੱਖਣਾ ਹੈ । ਕੋਈ ਵੀ ਸਵਾਸ ਨਾਮ ਅਭਿਆਸ ਤੋਂ ਬਗੈਰ, ਖਾਲੀ ਨਹੀਂ ਜਾਣ ਦੇਣਾ । ਅਭਿਆਸ ਕਰਦਿਆਂ ਇਕ ਸਮਾਂ ਐਸਾ ਆਉਂਦਾ ਹੈ ਜਦੋਂ ਸਾਡਾ ਮਿਲਾਪ, ਅੰਮ੍ਰਿਤ ਪਾਨ ਕਰਨੇ ਦੇ ਸਮੇਂ ਅੰਦਰ ਚਲੀ (ਜਾਰੀ ਹੋਈ) ਨਾਮ ਦੀ ਰੌਂ ਦੇ ਨਾਲ ਹੋ ਜਾਂਦਾ ਹੈ । ਇਹ ਮਿਲਾਪ ਹੋਣ ਤੇ ਸਾਡਾ ਨਾਮ ਅਭਿਆਸ, ਆਪਣੇ ਆਪ, ਨਿਰਯਤਨ ਜਾਂ ਆ-ਮੁਹਾਰਾ ਜਾਰੀ ਹੋ ਜਾਂਦਾ ਹੈ ਅਤੇ ਹਰ ਵਕਤ ਜਾਰੀ ਰਹਿੰਦਾ ਹੈ, ਐਥੋਂ ਤੱਕ ਕਿ ਸੁੱਤਿਆਂ ਪਿਆਂ ਵੀ, ਇਹ ਅਭਿਆਸ ਜਾਰੀ ਰਹਿੰਦਾ ਹੈ । ਗੁਰਮੁੱਖਾਂ ਦੀ ਬੋਲੀ ਵਿੱਚ, ਇਸ ਨੂੰ ਆਖਿਆ ਜਾਂਦਾ ਹੈ ਕਿ 'ਨਾਮ ਦਾ ਤੋਰਾ' ਤੁਰ ਪਿਆ ਹੈ । ਗੁਰਬਾਣੀ ਅੰਦਰ ਇਸ ਨੂੰ ਅਜਪਾ-ਜਾਪ ਆਖਿਆ ਗਿਆ ਹੈ । ਜਦੋਂ ਇਹ ਅਵਸਥਾ, ਇਕ ਵਾਰ ਪ੍ਰਾਪਤ ਹੋ ਜਾਂਦੀ ਹੈ ਤਾਂ, ਨਾਮ ਅਭਿਆਸ ਕਦੇ ਭੀ ਨਹੀਂ ਠਲਦਾ । ਐਥੋਂ ਤੱਕ ਕਿ ਅਕਾਲ-ਪੁਰਖ ਵਿੱਚ ਸਮਾਈ ਉਪਰੰਤ ਵੀ ਹਮੇਸ਼ਾ ਹਮੇਸ਼ਾ ਲਈ ਜਾਰੀ ਰਹਿੰਦਾ ਹੈ ।

ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥

*(ਪੰਨਾ ੧੨੯੧)*

ਇਹ ਹੈ ਉਹ ਜਰੂਰਤ, ਇਹ ਹੈ ਉਹ ਲੋੜ ਜਿਸ ਦੀ ਖਾਤਰ, ਅੰਮ੍ਰਿਤ ਪਾਨ ਕਰਨਾ ਇਕ ਲਾਜ਼ਮੀ ਸ਼ਰਤ ਹੈ । ਜਦੋਂ ਤੱਕ ਅੰਮ੍ਰਿਤ ਪਾਨ ਕਰਕੇ, ਅੰਦਰੋਂ 'ਨਾਮ ਸ਼ਕਤੀ' ਨੂੰ ਗੁਪਤੋਂ ਪ੍ਰਗਟ ਨਹੀਂ ਕੀਤਾ ਜਾਂਦਾ, ਪ੍ਰਗਟ ਹੋਈ 'ਨਾਮ ਦੀ ਰੌਂ' ਦੇ ਨਾਲ ਮਿਲ ਕੇ, ਨਾਮ ਅਭਿਆਸ ਨਹੀਂ ਕੀਤਾ ਜਾਂਦਾ ਉਤਨੀ ਦੇਰ ਤੱਕ 'ਦਸਮ-ਦੁਆਰ' ਨਹੀਂ ਖੁਲਦਾ । ਅਕਾਲ ਪੁਰਖ ਨਾਲ ਮਿਲਾਪ ਨਹੀਂ ਹੁੰਦਾ । ਮਿਲਾਪ ਹੋਏ ਬਗੈਰ ਅਕਾਲ ਪੁਰਖ ਵਿੱਚ ਸਮਾਈ ਨਹੀਂ ਹੁੰਦੀ, ਜਿੰਦਗੀ ਦਾ ਲਕਸ਼ ਪ੍ਰਾਪਤ ਨਹੀਂ ਹੁੰਦਾ । ਇਥੇ ਇਕ ਖਤਰੇ ਤੋਂ ਸੁਚੇਤ ਕਰਾ ਦੇਣਾ ਵੀ ਜ਼ਰੂਰੀ ਹੈ ਉਹ ਇਹ ਕਿ ਨਾਮ ਅਭਿਆਸ ਦੇ ਸੰਗ ਸਾਥ, 'ਨਿਰਮਲ ਕਰਮ' ਕਰਨਾ ਵੀ ਅਤਿ ਜਰੂਰੀ ਹੈ । ਨਿਰਮਲ ਕਰਮ

ਕਰਦਿਆਂ ਹੋਇਆਂ, ਨਾਮ ਅਭਿਆਸ ਕੀਤਾ ਜਾਵੇ ਤਾਂ 'ਨਾਮ ਦਾ ਖੰਡਾ' ਦਹੁ ਦੂਣੇ ਵੇਗ ਵਿੱਚ ਖੜਕਦਾ ਹੈ। ਜੇ ਨਾਮ ਅਭਿਆਸ ਤਾਂ ਕੀਤਾ ਜਾਵੇ ਪਰ, ਮੰਦੇ ਕਰਮ ਵੀ ਜਾਰੀ ਰਖੀਏ ਤਾਂ ਨਾਮ ਅਭਿਆਸ ਚੜਦੀ ਕਲਾ ਤੋਂ ਢਹਿੰਦੀ ਕਲਾ ਵਿੱਚ ਚਲਿਆ ਜਾਂਦਾ ਹੈ। ਅਸੀਂ ਫਿਰ ਵੀ ਨਾ ਸਮਝੀਏ, ਮੰਦੇ ਜਾਂ ਮਲੀਨ ਕਰਮ ਵੀ ਜਾਰੀ ਰਖੀਏ ਤਾਂ ਨਾਮ ਅਭਿਆਸ, ਖੜੋਤ ਵਿੱਚ ਆ ਜਾਂਦਾ ਹੈ। ਇਸ ਲਈ ਪੰਚਮ ਪਾਤਸ਼ਾਹ ਦਾ ਹੁਕਮ ਹੈ ਕਿ

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮ ॥ *(ਪੰਨਾ ੨੬੬)*

ਨਾਮ ਅਭਿਆਸ ਦੇ ਸੰਗ ਸਾਥ, ਨਿਰਮਲ ਕਰਮ ਕਰਦਿਆਂ, ਇਕ ਵਕਤ ਐਸਾ ਆਉਂਦਾ ਹੈ ਜਦੋਂ ਨਾਭੀ ਦਾ ਮੂਧਾ ਪਿਆ ਹੋਇਆ ਕਮਲ ਸਿੱਧਾ ਹੋ ਕੇ ਖਿੜ ਜਾਂਦਾ ਹੈ।

*ਊਧ ਕਵਲ ਬਿਗਸਾਂਤ (ਪੰਨਾ ੨੫੪)*

ਕਮਲ ਦੇ ਖਿੜਨੇ ਤੇ ਪ੍ਰਕਾਸ਼ ਪੈਦਾ ਹੋ ਜਾਂਦਾ ਹੈ ਜਿਸ ਦੀ ਰੌਸ਼ਨੀ ਕੁਝ ਕੁ ਸੂਰਜਾਂ ਦੀ ਰੌਸ਼ਨੀ ਸਮਾਨ ਹੁੰਦੀ ਹੈ।

ਪਰਗਾਸੁ ਭਇਆ ਕੌਲ ਖਿਲਿਆ ॥

*(ਪੰਨਾ ੨੪੯)*

ਇਹ ਪ੍ਰਕਾਸ਼ ਸਾਡੀ ਜੀਵ ਆਤਮਾ ਦਾ ਪ੍ਰਕਾਸ਼ ਹੁੰਦਾ ਹੈ ਨਾਮ ਅਭਿਆਸ ਜਾਰੀ ਹੈ ਕਿਸੀ ਸਮੇਂ ਦਸਮ ਦੁਆਰ ਖੁਲ ਜਾਂਦਾ ਹੈ ਤੇ ਰਾਮ ਪਿਆਰੇ ਦੀ ਜੋਤਿ ਨਾਲ ਮਿਲਾਪ ਹੋ ਜਾਂਦਾ ਹੈ।

ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥

*(ਪੰਨਾ ੩੨੫)*

ਨਾਭ ਕਮਲ ਦੇ ਸਿਧਾ ਹੋਣ ਤੇ ਉਸ ਦੇ ਅੰਦਰ, ਜੀਵ-ਆਤਮਾ ਦਾ ਹੋਇਆ ਪ੍ਰਕਾਸ਼ ਜਿਥੇ ਕੁਝ ਕੁ ਸੂਰਜਾਂ ਦੀ ਰੌਸ਼ਨੀ ਸਮਾਨ ਸੀ ਉਥੇ ਹੀ ਦਸਮ-ਦੁਆਰ ਵਿਖੇ, ਰਾਮ ਪਿਆਰੇ, ਵਾਹਿਗੁਰੂ, ਅੱਲਾ ਜਾਂ God ਦਾ ਹੋਇਆ ਪ੍ਰਕਾਸ਼, ਕਰੋੜ-ਹਾ-ਕਰੋੜ ਸੂਰਜਾਂ ਦੇ ਪ੍ਰਕਾਸ਼ ਸਮਾਨ ਹੁੰਦਾ ਹੈ।

ਕੋਟਿ ਸੂਰ ਨਾਨਕ ਪਰਗਾਸ ॥

*(ਪੰਨਾ ੭੧੭)*

ਇਹ ਹੈ ਬਹੁਤ ਹੀ ਸੰਖੇਪ ਸ਼ਬਦਾਂ ਵਿੱਚ, ਅੰਮ੍ਰਿਤ ਪਾਨ ਤੋਂ ਲੈ ਕੇ, ਅਕਾਲ ਪੁਰਖ ਦੇ ਚਰਨ ਨਿਵਾਸ ਤੱਕ ਦੀ ਕਹਾਣੀ।

## ਕੁਝ ਸ਼ੰਕੇ ਅਤੇ ਉਨ੍ਹਾਂ ਦਾ ਸਮਾਧਾਨ -

**1) ਸਭ ਤੋਂ ਪਹਿਲਾ ਤੇ ਵੱਡਾ ਸ਼ੰਕਾ ਤਾਂ ਇਹ ਹੈ ਕਿ ਸਾਡੇ ਪ੍ਰਚਾਰਕ ਸਾਨੂੰ ਅਕਾਲ ਪੁਰਖ ਦਾ ਸਰੂਪ ਕਿਸੀ ਦੇਵੀ ਜਾਂ ਦੇਵਤੇ ਦੇ ਰੂਪ ਵਿੱਚ, ਬਿਆਨ ਕਰਦੇ ਆਏ ਹਨ। ਭਗਤ ਨਾਮ ਦੇਵ ਜੀ ਨੂੰ ਅਕਾਲ ਪੁਰਖ ਦੇ 72 ਵਾਰ ਦਰਸ਼ਨ ਹੋਏ। ਧੰਨੇ ਭਗਤ ਜੀ ਦੀਆਂ ਗਊਆਂ ਚਾਰੀਆਂ ਹੋਰ ਵੀ ਇਸ ਤਰ੍ਹਾਂ ਦੀਆਂ ਕਹਾਣੀਆਂ ਨਾਲ ਸਾਡਾ ਇਤਿਹਾਸ ਆਖੋ ਜਾਂ ਮਿਥਿਹਾਸ, ਭਰਿਆ ਪਿਆ ਹੈ। ਸਾਡੇ ਦਿਮਾਗਾਂ ਵਿੱਚ ਅਕਾਲ-ਪੁਰਖ, ਇਕ ਇਨਸਾਨ ਦੇ ਰੂਪ ਵਿੱਚ, ਘਰ ਕਰ ਚੁਕਿਆ ਹੈ। ਦਾਸ ਨੇ ਇਸ ਲੇਖ ਦੇ ਅਰੰਭ ਵਿੱਚ ਹੀ, ਭਾਈ ਨੰਦ ਲਾਲ ਜੀ ਅਤੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਦੇ ਅਤੇ ਕਲਗੀਧਰ ਜੀ ਦੇ ਜਾਪ ਸਾਹਿਬ ਦੇ ਪਹਿਲੇ ਛੰਦ ਵਿੱਚ ਦਰਜ ਫਰਮਾਨ ਦੇ ਅਧਾਰ ਤੇ, ਅਕਾਲ ਪੁਰਖ ਨੂੰ ਇਕ ਜੀਉਂਦੀ ਜਾਗਦੀ ਪੂਰਨ ਸ਼ਕਤੀ ਬਿਆਨ ਕੀਤਾ ਹੈ। 'ਨਾਮ' ਨੂੰ ਨਿਰੰਕਾਰ ਦਾ ਨਿਜ ਰੂਪ ਬਿਆਨ ਕੀਤਾ ਹੈ। ਆਮ ਸੰਗਤਾਂ ਦੀ ਨਜ਼ਰ ਵਿੱਚ 'ਵਾ-ਹਿ-ਗੁ-ਰੂ' ਇਨ੍ਹਾਂ ਚਾਰ ਅਖਰਾਂ ਦਾ ਬਣਿਆਂ ਸ਼ਬਦ 'ਵਾਹਿਗੁਰੂ' ਨਾਮ ਹੈ। ਅਕਾਲ ਪੁਰਖ ਤੋਂ ਤਾਂ ਸਾਰੇ ਸੰਸਾਰ ਦੀ ਰਚਨਾ ਹੋਈ**

ਹੈ। ਇਨ੍ਹਾਂ ਚੌਹਂ ਅਖਰਾਂ ਤੋਂ ਸੰਸਾਰ ਦੀ ਰਚਨਾ ਕਿਵੇਂ ਹੋ ਜਾਏਗੀ ? ਦਾਸ ਨੇ, 'ਨਾਮ' ਨੂੰ ਅਕਾਲ ਪੁਰਖ ਦਾ ਨਿਜ ਸਰੂਪ ਲਿਖ ਛੱਡਿਆ, ਆਪ ਜੀ ਨੇ ਪੜ੍ਹ ਛਡਿਆ। ਪਰ ਦਾਸ ਨੂੰ ਆਸ ਹੈ ਕਿ ਸ਼ਾਇਦ, ਇਕ ਹਜ਼ਾਰ ਬੰਦਿਆਂ ਵਿੱਚੋਂ ਕੋਈ ਇਕ ਅੱਧਾ ਸੱਜਨ ਹੀ, ਇਸ ਹਕੀਕਤ ਨੂੰ ਮੰਨਣ ਲਈ ਤਿਆਰ ਹੋਵੇਗਾ । ਇਸ ਵਿੱਚ ਕਸੂਰ ਸੰਗਤਾਂ ਦਾ ਨਹੀਂ, ਪ੍ਰਚਾਰਕਾਂ ਦਾ ਹੈ ਜੋ ਸੰਗਤਾਂ ਨੂੰ 'ਨਾਮ' ਦੀ ਅਸਲੀਅਤ ਬਾਰੇ ਅੱਜ ਤਾਈਂ ਸਮਝਾ ਨਹੀਂ ਸਕੇ। 'ਨਾਮ' ਉਪਰ ਲਿਖੇ ਚਾਰ ਅੱਖਰ ਨਹੀਂ ਹਨ । 'ਨਾਮ' ਉਹ ਸ਼ਕਤੀ ਹੈ ਜੋ ਸੰਸਾਰ ਦੇ ਕਣ ਕਣ ਵਿੱਚ ਮੌਜੂਦ ਹੈ । ਸੰਸਾਰ ਦੇ ਹਰ ਕਣ ਵਿੱਚੋਂ ਸ਼ਬਦ 'ਵਾਹਿਗੁਰੂ' ਦੀ ਆਪਣੇ ਆਪ ਪੈਦਾ ਹੋ ਰਹੀ ਆਵਾਜ਼ ਸੁਣਾਈ ਦਿੰਦੀ ਹੈ । ਇਹ ਆਵਾਜ 'ਵਾਹਿਗੁਰੂ', ਜਿਸ ਨੂੰ ਭਾਈ ਗੁਰਦਾਸ ਜੀ ਨੇ 'ਸ਼ਬਦ ਧੁਨ' ਵੀ ਲਿਖਿਆ ਹੈ । 'ਨਾਮ' ਹੈ । ਇਹ ਨਾਮ ਸੁਣਦਾ ਉਸ ਵਕਤ ਹੈ ਜਦੋਂ ਪਹਿਲਾਂ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ, ਪੂਰਨ, ਨਾਮ ਅਭਿਆਸੀ ਪੰਜ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰਕੇ, ਅੰਦਰ ਅੰਮ੍ਰਿਤ ਕਲਾ ਵਰਤ ਚੁੱਕੀ ਹੈ । ਪਿੱਛੋਂ ਅਤੁਟ ਨਾਮ ਅਭਿਆਸ ਕਮਾਈ ਦੁਆਰਾ ਜਦੋਂ ਦਸਮ ਦੁਆਰ ਖੁਲਦਾ ਹੈ, ਸੰਸਾਰ ਦੇ ਕਣ ਕਣ ਵਿੱਚ ਅਕਾਲ ਪੁਰਖ ਦੀ ਜੋਤਿ ਦੇ ਦਰਸ਼ਨ ਹੁੰਦੇ ਹਨ, ਤਾਂ ਇਸੀ ਜੋਤਿ ਵਿੱਚੋਂ, ਨਾਮ ਦੀ ਆਵਾਜ ਵੀ ਸੁਣਾਈ ਦਿੰਦੀ ਹੈ । ਜੋਤਿ ਅਤੇ ਨਾਮ, ਇਹ ਦੋ ਨਿਸ਼ਾਨੀਆਂ ਹਨ, ਅਕਾਲ ਪੁਰਖ ਦੇ ਮਿਲਾਪ ਦੀਆਂ। ਜਦੋਂ ਇਕ ਵਾਰ ਅਕਾਲ ਪੁਰਖ ਦੇ ਦਰਸ਼ਨ ਹੋ ਜਾਂਦੇ ਹਨ, ਤਾਂ ਸੰਸਾਰ ਦਾ ਕੋਈ ਇਕ ਜ਼ਰਾ ਵੀ ਜੋਤਿ ਅਤੇ ਨਾਮ ਤੋਂ ਖਾਲੀ ਨਜ਼ਰ ਨਹੀਂ ਆਉਂਦਾ ।

ਇਸੀ ਅਵਸਥਾ ਵਿੱਚ ਵਿਚਰਦੇ ਹੋਏ, ਸਾਹਿਬ ਗੁਰੂ ਅਮਰਦਾਸ ਜੀ ਨੇ ਫਰਮਾਇਆ ਸੀ ਕਿ

ਇਹੁ ਵਿਸੁ ਸੰਸਾਰੁ ਤੁਮ ਦੇਖਦੇ, ਇਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ ॥

*(ਪੰਨਾ ੯੨੨)*

ਭਗਤ ਨਾਮ ਦੇਵ ਜੀ ਫਰਮਾਉਂਦੇ ਹਨ ਕਿ-

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦੁ ਬਿਨੁ ਨਹੀਂ ਕੋਈ ॥

*(ਪੰਨਾ ੪੮੫)*

ਆਸ ਹੈ ਇਤਨੀ ਕੁ ਵਿਚਾਰ ਦੁਆਰਾ, ਇਹ ਤਾਂ ਸਮਝ ਪੈ ਗਈ ਹੋਵੇਗੀ ਕਿ 'ਨਾਮ' ਹਰਿ ਕਾ ਰੂਪ ਹੈ ਜਾਂ 'ਗੋਬਿੰਦ ਬਿਨੁ ਨਹੀਂ ਕੋਈ' । ਇਹ ਸਮਝ ਤਾਂ ਹਾਲੇ ਸਿਰਫ ਦਿਮਾਗੀ ਸਮਝ ਹੈ । ਅਮਲੀ ਤੌਰ ਤੇ ਤਾਂ ਕੁਝ ਅਨੁਭਵ ਨਹੀਂ ਹੋਇਆ । ਅਮਲੀ ਤੌਰ ਤੇ ਇਹ ਸਭ ਕੁਝ ਉਦੋਂ ਸਮਝ ਪਏਗੀ ਜਦੋਂ ਪਹਿਲਾਂ ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰ, ਪਿਛੋਂ ਅਤੁਟ ਨਾਮ ਅਭਿਆਸ ਕਮਾਈ ਕੀਤੀ ਜਾਵੇ। ਇਹ ਹੀ ਕਾਰਨ ਸੀ ਕਿ ਅੰਮ੍ਰਿਤ ਦੀ ਦਾਤਿ ਨੂੰ ਸੁਰ ਨਰ ਅਤੇ ਮੁਨ, ਸਾਰੇ ਹੀ ਤਰਸਦੇ ਹਨ ।

ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥

*(ਪੰਨਾ ੯੧੮)*

ਇਹ ਹੈ ਤੁਛ ਮਾਤ੍ਰ ਵਿਆਖਿਆ ਕਿ 'ਨਾਮ' ਨਿਰੰਕਾਰ ਦਾ ਨਿੱਜ ਰੂਪ ਹੈ ।

2) ਆਪ ਜੀ ਨੇ ਉਪਰ ਪੜ੍ਹਿਆ ਹੈ ਕਿ ਸੰਸਾਰ ਦੇ ਕਣ ਕਣ ਵਿੱਚੋਂ, 'ਵਾਹਿਗੁਰੂ ਸ਼ਬਦ ਨਾਮ' ਦੀ ਆਵਾਜ਼ ਸੁਣਾਈ ਦਿੰਦੀ ਹੈ । ਇਥੇ ਕੋਈ ਸ਼ੰਕਾਵਾਦੀ ਸ਼ੰਕਾ ਕਰ ਸਕਦਾ ਹੈ, ਸ਼ੰਕਾ ਕਰ ਸਕਦਾ ਹੀ ਨਹੀਂ, ਸ਼ੰਕਾ ਕੀਤਾ ਵੀ ਗਿਆ ਹੈ । ਉਹ ਇਹ ਕਿ ਜੇ ਜ਼ਰੇ ਜ਼ਰੇ ਵਿੱਚੋਂ 'ਵਾਹਿਗੁਰੂ' ਸ਼ਬਦ ਦੀ ਆਵਾਜ਼ ਸੁਣਾਈ ਦਿੰਦੀ ਹੈ ਤਾਂ ਅਕਾਲ ਪੁਰਖ ਦਾ ਧਰਮ ਜਾਂ ਮਜ਼ਹਬ 'ਸਿੱਖ ਧਰਮ' ਹੋਇਆ । ਅਕਾਲ ਪੁਰਖ ਨੇ ਸਿੱਖ ਧਰਮ ਹੀ ਕਿਉਂ ਅਪਣਾਇਆ ? ਕੋਈ ਹੋਰ ਮਜ਼ਹਬ ਕਿਉਂ ਨਹੀਂ ਅਪਣਾਇਆ? ਬੇਨਤੀ ਹੈ ਕਿ ਕੋਈ ਕਿਸੀ ਮਜ਼ਹਬ ਨੂੰ ਤਾਂ ਹੀ ਅਪਣਾ ਸਕਦਾ ਹੈ ਜੇ ਮਜ਼ਹਬ ਪਹਿਲਾਂ ਤੋਂ ਹੋਂਦ ਵਿੱਚ ਆ ਚੁਕਿਆ ਹੋਵੇ । ਜੋ ਮਜ਼ਹਬ ਹਾਲੇ ਹੋਂਦ ਵਿੱਚ

ਹੀ ਨਾ ਆਇਆ ਹੋਵੇ, ਉਸ ਮਜ਼ਹਬ ਦੇ ਅਪਣਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅਕਾਲ ਪੁਰਖ, 'ਆਦਿ ਸਚੁ ਜੁਗਾਦਿ ਸਚੁ' ਜੁਗਾਂ ਦੇ ਆਦਿ ਤੋਂ ਵੀ ਪਹਿਲਾਂ ਕਾਇਮ ਹੈ ਜਦੋਂ ਕਿ ਸਿੱਖ ਧਰਮ ਸਿਰਫ ਸਵਾ ਕੁ ਪੰਜ ਸੌ ਸਾਲ ਤੋਂ ਹੀ ਹੋਂਦ ਵਿੱਚ ਆਇਆ ਹੈ। ਸ਼ਬਦ ਵਾਹਿਗੁਰੂ ਦੀ ਰਚਨਾ, ਅਕਾਲ ਪੁਰਖ ਦੀ ਆਪਣੀ ਰਚਨਾ ਦੇ ਸੰਗ ਸਾਥ ਹੀ ਹੋਈ। ਇਸ ਲਈ ਅਕਾਲ ਪੁਰਖ ਦਾ ਕੋਈ ਧਰਮ ਜਾਂ ਮਜ਼ਹਬ ਨਹੀਂ ਹੈ।

ਆਪੀਨੈ ਆਪੁ ਸਾਜਿਓ ਆਪੀ ਨੈ ਰਚਿਓ ਨਾਉ ॥ *(ਪੰਨਾ ੪੬੩)*

ਅਕਾਲ ਪੁਰਖ ਨੂੰ ਕਿਸੀ ਵੀ ਧਰਮ ਵਿੱਚ ਬੰਨ੍ਹ ਦੇਣਾ ਕੋਈ ਚੰਗੀ ਗੱਲ ਨਹੀਂ ਹੈ।

ਕਲਗੀਧਰ ਜੀ ਜਾਪੁ ਸਾਹਿਬ ਵਿੱਚ ਫਰਮਾਉਂਦੇ ਹਨ :-

*ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥ (੫)*

ਭਾਵ- ਆਪ ਜੀ ਉਸ ਅਕਾਲ ਪੁਰਖ ਨੂੰ ਨਮਸਕਾਰ ਕਰਦੇ ਹਨ ਜਿਸ ਦਾ ਕੋਈ ਧਰਮ ਨਹੀਂ।

3) ਦਾਸ ਦੀ ਇਕ ਦਫਾ ਆਪਣੇ ਇਕ ਸੁਹਿਰਦ ਵੀਰ ਜੀ ਨਾਲ ਨਾਮ ਸੰਬੰਧੀ ਵਿਚਾਰ ਹੋ ਰਹੀ ਸੀ। ਦਾਸ ਨੇ ਜਦੋਂ ਇਹ ਆਖਿਆ ਕਿ ਸੰਸਾਰ ਦੇ ਕਣ ਕਣ ਵਿੱਚੋਂ 'ਵਾਹਿਗੁਰੂ' ਸ਼ਬਦ ਦੀ ਆਵਾਜ਼ ਆ ਰਹੀ ਹੈ ਤਾਂ ਵੀਰ ਜੀ ਨੇ ਆਖਿਆ ਕਿ ਮੁਸਲਮਾਨ ਆਖਦੇ ਹਨ ਕਣ ਕਣ ਵਿੱਚੋਂ 'ਅੱਲਾ' ਦੀ ਆਵਾਜ਼ ਆ ਰਹੀ ਹੈ। ਹਿੰਦੂ ਆਖਦੇ ਹਨ ਕਿ 'ਓਮ' ਦੀ ਆਵਾਜ਼ ਸੁਣਾਈ ਦਿੰਦੀ ਹੈ, ਸਿੱਖ ਆਖਦੇ ਹਨ ਕਿ ਇਹ ਆਵਾਜ਼ 'ਵਾਹਿਗੁਰੂ' ਸ਼ਬਦ ਦੀ ਹੈ। ਅਸੀਂ ਕਿਸ ਨੂੰ ਦਰੁਸਤ ਮੰਨੀਏ ਤੇ ਕਿਸ ਨੂੰ ਗਲਤ ਆਖੀਏ ?

ਇਸ ਸ਼ੰਕੇ ਦਾ ਉਤਰ ਕੁਝ ਗਹਿਰਾ ਜਿਹਾ ਹੈ, ਇਸ ਲਈ ਖਾਸ ਧਿਆਨ ਦੇ ਕੇ ਸਮਝਣੇ ਦੀ ਲੋੜ ਹੈ। ਸਾਡੇ ਸਰੀਰ ਦੇ ਅੰਦਰ ਆਵਾਜ਼ ਪੈਦਾ ਹੋਣੇ ਦੇ ਚਾਰ ਕੇਂਦਰ ਹਨ। ਪਹਿਲਾ ਕੇਂਦਰ ਹੈ, ਜ਼ੁਬਾਨ। ਅਸੀਂ ਜਦੋਂ ਜ਼ੁਬਾਨ ਰਾਹੀਂ ਬੋਲ ਕੇ, ਕਿਸੀ ਸ਼ਬਦ ਦਾ ਜਾਪ ਕਰਦੇ ਹਾਂ ਤਾਂ ਇਸ ਨੂੰ 'ਬੈਖਰੀ' ਬਾਣੀ ਆਖਦੇ ਹਨ। ਜਦੋਂ ਅਸੀਂ ਬਹੁਤ ਮੱਧਮ ਆਵਾਜ਼ ਰਾਹੀਂ ਜਾਪ ਕਰਦੇ ਹਾਂ ਤਾਂ ਆਵਾਜ਼ ਦਾ ਕੇਂਦਰ ਸਾਡਾ ਕੰਠ ਹੁੰਦਾ ਹੈ। ਇਸ ਆਵਾਜ਼ ਨੂੰ 'ਮਧਿਮਾ' ਬਾਣੀ ਆਖਦੇ ਹਨ। ਇਹ ਆਵਾਜ਼ ਇਤਨੀ ਕਮਜ਼ੋਰ ਹੁੰਦੀ ਹੈ ਕਿ ਸਿਰਫ ਆਪਣੇ ਆਪ ਨੂੰ ਤਾਂ ਸੁਣਦੀ ਹੈ ਪਰ ਨਜ਼ਦੀਕ ਬੈਠੇ ਹੋਰ ਸਾਥੀਆਂ ਨੂੰ ਸੁਣਾਈ ਨਹੀਂ ਦੇਂਦੀ। ਇਸ ਤੋਂ ਅੱਗੇ, ਆਵਾਜ਼, ਜ਼ੁਬਾਨ ਜਾਂ ਕੰਠ ਤੋਂ ਪੈਦਾ ਨਹੀਂ ਕੀਤੀ ਜਾਂਦੀ। ਇਹ ਆਵਾਜ਼ ਸੁਰਤੀ ਵਿੱਚ ਹੀ ਪੈਦਾ ਕੀਤੀ ਜਾਂਦੀ ਹੈ। ਸੁਰਤੀ ਵਿੱਚ ਕੀਤੇ ਜਾਪ ਨੂੰ ਸਿਮਰਨ ਆਖਿਆ ਜਾਂਦਾ ਹੈ। ਇਸ ਆਵਾਜ਼ ਦਾ ਕੇਂਦਰ, ਹਿਰਦਾ ਹੁੰਦਾ ਹੈ ਅਤੇ ਇਹ ਆਵਾਜ਼ 'ਪਸਯੰਤੀ' ਬਾਣੀ ਅਖਵਾਉਂਦੀ ਹੈ। ਇਥੋਂ ਤੱਕ ਇਹ ਤਿੰਨੋਂ ਹੀ ਆਵਾਜ਼ਾਂ, ਅਸੀਂ ਖੁਦ ਯਤਨ ਕਰਕੇ ਪੈਦਾ ਕਰਦੇ ਹਾਂ। ਚੌਥੀ ਆਵਾਜ਼ ਦਾ ਕੇਂਦਰ ਸਾਡੀ ਨਾਭੀ ਹੁੰਦੀ ਹੈ। ਜਿਸ ਨੂੰ ਪੰਜਾਬੀ ਬੋਲੀ ਵਿੱਚ ਧੁੰਨੀ ਆਖਦੇ ਹਨ। ਧੁੰਨੀ ਦਾ ਅਰਥ ਹੀ ਆਵਾਜ਼ ਹੈ। ਦਰਅਸਲ ਆਵਾਜ਼ ਨਾਭੀ ਤੋਂ ਪੈਦਾ ਹੋ, ਹਿਰਦੇ ਅਤੇ ਕੰਠ ਵਿੱਚੋਂ ਲੰਘ ਜ਼ੁਬਾਨ ਤੱਕ ਪਹੁੰਚਦੀ ਹੈ। ਜਿਉਂ ਜਿਉਂ ਸੁਰਤੀ ਟਿਕਾਓ ਵਿੱਚ ਆਉਂਦੀ ਜਾਂਦੀ ਹੈ। ਆਵਾਜ਼, ਜ਼ੁਬਾਨ ਤੋਂ ਕੰਠ ਅਤੇ ਕੰਠ ਤੋਂ ਹਿਰਦੇ ਤੱਕ ਚੱਲੀ ਜਾਂਦੀ ਹੈ। ਜਦੋਂ ਸੁਰਤੀ ਅਤਿਅੰਤ ਗਹਿਰੀ ਹੁੰਦੀ ਹੈ ਤਾਂ ਸੁਰਤੀ ਦਾ, ਉਪਰਲੇ ਤਿੰਨਾਂ ਹੀ ਕੇਂਦਰਾਂ ਨਾਲੋਂ ਸੰਬੰਧ ਟੁਟ ਜਾਂਦਾ ਹੈ ਤੇ ਨਾਭੀ ਜਾਂ ਧੁੰਨੀ ਨਾਲ ਸੰਬੰਧ ਬਣ ਜਾਂਦਾ ਹੈ ਤਾਂ ਸਾਧਕ, ਬਕਤਾ ਨਹੀਂ ਰਹਿੰਦਾ ਸਿਰਫ ਸਰੋਤਾ ਹੀ ਰਹਿ ਜਾਂਦਾ ਹੈ। ਉਹ ਨਾਭੀ ਤੋਂ ਆਵਾਜ਼ ਪੈਦਾ ਨਹੀਂ ਕਰਦਾ ਸਗੋਂ ਨਾਭੀ ਤੋਂ ਆਪਣੇ ਆਪ ਉਠ ਰਹੀ ਆਵਾਜ਼ ਨੂੰ ਸਿਰਫ ਸੁਣਦਾ ਹੈ। ਇਸ ਆਵਾਜ਼ ਨੂੰ 'ਪਰਾ' ਬਾਣੀ ਆਖਿਆ ਜਾਂਦਾ ਹੈ। ਇਥੇ ਸਾਧਕ ਐਕਟਰ ਨਹੀਂ ਰਹਿੰਦਾ, ਦਰਸ਼ਕ ਜਾਂ ਗਵਾਹ ਬਣ ਜਾਂਦਾ ਹੈ। ਇਸ ਅਵਸਥਾ ਤੇ ਬਹੁਤ ਘੱਟ ਹੀ, ਹਜ਼ਾਰਾਂ ਵਿੱਚੋਂ ਕੋਈ ਇਕ ਅੱਧਾ ਹੀ ਪਹੁੰਚਦਾ ਹੈ। ਇਥੇ ਆਵਾਜ਼ ਉਹ ਹੀ ਸੁਣਦੀ ਹੈ ਜਿਸ ਦਾ ਪਹਿਲਾਂ ਜ਼ੁਬਾਨ ਤੋਂ ਜਾਪ ਸ਼ੁਰੂ ਕੀਤਾ ਸੀ।

ਮੇਰੇ ਵੀਰ ਜੀ ਨੇ ਜੋ ਇਹ ਆਖਿਆ ਸੀ ਕਿ ਮੁਸਲਮਾਨ ਨੂੰ ਅੱਲਾ, ਹਿੰਦੂ ਨੂੰ ਓਮ ਅਤੇ ਸਿੱਖ ਨੂੰ ਵਾਹਿਗੁਰੂ

ਸੁਣਦਾ ਹੈ ਉਹ ਇਸੀ 'ਪਰਾ' ਦੀ ਅਵਸਥਾ ਦਾ ਹੀ ਜਿਕਰ ਕਰਦੇ ਸਨ । ਦਾਸ ਨੇ ਉਪਰ ਜੋ ਲਿਖਿਆ ਹੈ ਕਿ ਦਸਮ-ਦੁਆਰ ਖੁਲ੍ਹਣ ਤੇ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ ਇਹ ਦਰਸ਼ਨ ਜੋਤਿ ਦੇ ਰੂਪ ਵਿੱਚ ਹੁੰਦੇ ਹਨ । ਉਸੀ ਜੋਤਿ ਦੇ ਵਿੱਚੋਂ 'ਵਾਹਿਗੁਰੂ' ਸ਼ਬਦ ਦੀ ਆਵਾਜ਼ ਸੁਣਦੀ ਹੈ । ਇਹ ਅਵਸਥਾ ਦਸਮ ਦੁਆਰ ਖੁਲਣ ਤੋਂ ਬਾਅਦ ਦੀ ਹੈ ਜਦੋਂ ਕਿ 'ਵੀਰ ਜੀ' ਵੱਲੋਂ ਜੋ ਜ਼ਿਕਰ ਕੀਤਾ ਗਿਆ ਸੀ ਉਹ ਦਸਮ-ਦੁਆਰ ਤੋਂ ਬਹੁਤ ਨੀਚੇ ਦੀ ਹੈ । ਇਹ ਹੈ ਅਣਜਾਣ ਵੀਰਾਂ ਨੂੰ ਲਗਦਾ ਧੋਖਾ, ਜਿਸ ਵਿੱਚ ਦਸਮ ਦੁਆਰ ਖੁਲਣੇ ਤੋਂ ਬਹੁਤ ਪਹਿਲਾਂ, 'ਪਰਾ' ਅਵਸਥਾ ਵਿੱਚੋਂ ਹੀ ਜੋਤਿ ਅਤੇ ਨਾਮ ਦਾ ਦੀਦਾਰ ਅਤੇ ਸੁਣਵਾਈ ਹੋਈ, ਲੋੜਦੇ ਹਨ । ਜੋ ਕੁਦਰਤ ਦੇ ਨਿਯਮ ਤੋਂ ਵਿਰੁੱਧ ਹੈ । ਵਿਰੁੱਧ ਕਿਵੇਂ ?

ਉਪਰ ਆਪ ਜੀ ਨੇ ਪੜ੍ਹਿਆ ਹੈ ਕਿ ਜੋਤਿ ਅਤੇ ਨਾਮ, ਨਿਰੰਕਾਰ ਦਾ ਨਿਜ ਰੂਪ ਹਨ । 'ਨਿਰੰਕਾਰ ਜੋਤਿ ਅਤੇ ਨਾਮ' ਵਿੱਚ ਅੰਤਰ ਕਿਆ ਹੈ ? ਨਿਰੰਕਾਰ ਅਚੱਲ ਸ਼ਕਤੀ ਹੈ । ਅਚੱਲ ਹਾਲਤ ਵਿੱਚ ਸ਼ਕਤੀ **Unmenifested Energy** ਜਾਂ ਗੁਪਤ ਹੁੰਦੀ ਹੈ । ਜਦੋਂ ਅਚੱਲ ਸ਼ਕਤੀ ਅਚੱਲ ਤੋਂ ਚਲਾਇਮਾਨ ਹੋ ਹਰਕਤ ਵਿੱਚ ਆਉਂਦੀ ਹੈ ਜਾਂ **Vibrate** ਕਰਦੀ ਹੈ ਤਾਂ ਉਹ ਸ਼ਕਤੀ **Unmenifested** ਨਹੀਂ ਰਹਿੰਦੀ, **Menifested Energy** ਬਣ ਜਾਂਦੀ ਹੈ । ਨਿਰੰਕਾਰ 'ਅਚੱਲ ਮੂਰਤਿ' ਹੈ । ਇਸ ਲਈ ਉਹ **Unmenifested Energy** ਹੈ । ਜੋਤਿ ਅਤੇ ਨਾਮ (ਵਾਹਿਗੁਰੂ ਸ਼ਬਦ ਦੀ ਆਵਾਜ਼) **Menefested Energy** ਹੈ । ਜਦੋਂ ਅਸੀਂ ਅੰਮ੍ਰਿਤ ਪਾਨ ਕਰਦੇ ਹਾਂ ਤਾਂ ਪਹਿਲਾਂ ਇਹ ਹੀ ਜੋਤਿ ਅਤੇ ਨਾਮ **Unmenifested Energy** ਜਾਂ *ਨਿਰੰਕਾਰ ਦੇ ਰੂਪ ਵਿੱਚ ਸਾਡੇ ਅੰਦਰ ਮੌਜੂਦ ਹਨ* । ਅੰਮ੍ਰਿਤ ਪਾਨ ਕਰਨੇ ਦੇ ਸਮੇਂ ਅਕਾਲ ਪੁਰਖ ਦੀ 'ਸਤਿਗੁਰੂ ਜੋਤਿ' ਪੰਜਾਂ ਪਿਆਰਿਆਂ ਵਿੱਚ ਵਿਚਰਦੀ ਹੋਈ, ਸਾਡੇ ਅੰਦਰੋਂ ਨਾਮ ਦੀ ਗੁਪਤ ਸ਼ਕਤੀ ਨੂੰ ਪ੍ਰਗਟ ਕਰਦੀ ਹੈ । ਤਾਂ ਸਾਡੇ ਅੰਦਰ 'ਵਾਹਿਗੁਰੂ' ਸ਼ਬਦ ਦੀ ਰੌ ਜਾਰੀ ਹੋ ਜਾਂਦੀ ਹੈ। ਜਿਸ ਦਾ ਵਿਸਥਾਰ ਸਹਿਤ ਵੇਰਵਾ ਉਪਰ ਆ ਚੁੱਕਾ ਹੈ । ਦੋਬਾਰਾ ਲਿਖਣ ਦੀ ਲੋੜ ਨਹੀਂ ਹੈ !!

ਹੁਣ ਖਾਸ ਧਿਆਨ ਦੇ ਕੇ ਸਮਝਣੇ ਵਾਲਾ ਨੁਕਤਾ ਇਹ ਹੈ ਕਿ ਜਿਤਨੀ ਦੇਰ ਤੱਕ ਅੰਮ੍ਰਿਤ ਪਾਨ ਕਰਕੇ ਅੰਦਰੋਂ, ਗੁਪਤ ਹਾਲਤ ਵਿੱਚ ਮੌਜੂਦ ਸ਼ਕਤੀ ਨੂੰ ਪ੍ਰਗਟ ਨਾ ਕੀਤਾ ਜਾਵੇ ਜਾਂ **Menifest** ਨਾ ਕੀਤਾ ਜਾਵੇ ਉਤਨੀ ਦੇਰ ਤੱਕ ਅੰਦਰ ਨਾਮ ਦੀ ਰੌ ਜਾਰੀ ਨਹੀਂ ਹੁੰਦੀ । ਨਾਮ ਜਾਂ ਵਾਹਿਗੁਰੂ ਸ਼ਬਦ ਦੀ ਆਵਾਜ਼ ਸੁਣਾਈ ਨਹੀਂ ਦਿੰਦੀ। ਇਸ ਲਈ ਸਵਾਲ ਕਿਸੀ ਮਜ਼ਹਬ ਦਾ ਨਹੀਂ । ਸਵਾਲ ਕੁਦਰਤ ਦੇ ਨਿਯਮਾਂ ਦਾ ਹੈ । ਕੁਦਰਤ ਦੇ ਘਰ ਵਿੱਚ ਕੋਈ ਹਿੰਦੂ ਜਾਂ ਮੁਸਮਿਲ, ਕੋਈ ਸਿੱਖ, ਇਸਾਈ, ਯਹੂਦੀ ਜਾਂ ਹੋਰ ਕੋਈ ਵੀ ਮਜ਼ਹਬ ਨਹੀਂ, ਕੁਦਰਤ ਦੇ ਨਿਯਮ ਹਰ ਇਨਸਾਨ ਤੇ ਇਕ ਸਾਰ ਲਾਗੂ ਹੁੰਦੇ ਹਨ । ਇਸ ਲਈ ਬਗੈਰ ਅੰਮ੍ਰਿਤ ਪਾਨ ਕੀਤਿਆਂ ਕਿਸੀ ਵੀ ਇਨਸਾਨ ਦੇ ਅੰਦਰ 'ਵਾਹਿਗੁਰੂ' ਸ਼ਬਦ ਦੀ ਰੌ ਜਾਰੀ ਨਹੀਂ ਹੋ ਸਕਦੀ ।

## *ਸਾਰੀ ਵਿਚਾਰ ਦਾ ਸਾਰ ਅੰਸ਼ ਇਹ ਹੋਇਆ ਕਿ –*

1) ਹਰ ਇਕ ਇਨਸਾਨ ਦਾ ਜੀਵਨ ਲਕਸ਼, ਅਕਾਲ ਪੁਰਖ ਵਿੱਚ ਸਮਾਈ ਪ੍ਰਾਪਤ ਕਰਨਾ ਹੈ ।

2) ਅਕਾਲ ਪੁਰਖ ਨਾਲ ਮਿਲਾਪ, ਦਸਮ-ਦੁਆਰ ਖੁਲਣ ਤੇ ਹੁੰਦਾ ਹੈ । ਦਸਮ ਦੁਆਰ, 'ਵਾਹਿਗੁਰੂ' ਗੁਰੂ ਸ਼ਬਦ ਦੀ ਕੁੰਜੀ ਲਾਇਆਂ ਖੁਲਦਾ ਹੈ ।

3) 'ਵਾਹਿਗੁਰੂ' ਗੁਰ ਸ਼ਬਦ ਦੀ ਕੁੰਜੀ 'ਸਤਿਗੁਰੂ' ਪਾਸੋਂ ਪ੍ਰਾਪਤ ਹੁੰਦੀ ਹੈ । 'ਸਤਿਗੁਰੂ' ਅੰਦਰ, ਕੰਮ ਕਰਦੀ ਜੋਤਿ, ਅਕਾਲ ਪੁਰਖ ਦੀ ਆਪਣੀ ਜੋਤਿ ਹੈ।

4) ਇਹ 'ਸਤਿਗੁਰੂ' ਜੋਤਿ, ਗੁਰੂ ਨਾਨਕ ਦੇਵ ਜੀ ਸਮੇਤ, ਦਸੋਂ ਹੀ ਗੁਰੂ ਸਾਹਿਬਾਨ ਦੀ ਦੇਹ ਕਾਇਆਂ ਅੰਦਰ ਹਲੂਲ ਕਰਦੀ ਹੋਈ, ਇਸ ਵਕਤ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰ ਸਸ਼ੋਭਤ ਹੈ । ਇਹ ਹੀ 'ਸਤਿਗੁਰੂ

ਜੋਤਿ' ਪੰਜਾਂ ਪਿਆਰਿਆਂ ਵਿੱਚ ਵਿਚਰਦੀ ਹੋਈ, ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤ ਪਾਨ ਕਰਾਉਂਦੀ ਹੈ ।

5) ਅੱਜ ਤੋਂ ਅਰਬਾਂ ਸਾਲ ਪਹਿਲੇ, ਜਦੋਂ ਤੋਂ ਸੰਸਾਰ ਵਿੱਚ ਇਨਸਾਨੀ ਆਬਾਦੀ ਹੋਂਦ ਵਿੱਚ ਆਈ ਹੈ, ਉਸ ਵਕਤ ਤੋਂ ਲੈ ਕੇ ਅੱਜ ਤੱਕ, ਸਿਰਫ ਇਕ ਹੀ 'ਸਤਿਗੁਰੂ ਜੋਤਿ' ਅੰਮ੍ਰਿਤ ਪਾਨ ਕਰਾਉਂਦੀ ਆ ਰਹੀ ਹੈ । 'ਨਾਮ' ਦੀ ਪ੍ਰਾਪਤੀ, ਅਤੁੱਟ ਨਾਮ ਅਭਿਆਸ ਕਮਾਈ, ਦਸਮ-ਦੁਆਰ ਦਾ ਖੁਲਣਾ, ਅਕਾਲ ਪੁਰਖ ਦਾ ਮਿਲਾਪ ਅਤੇ ਸਮਾਈ, ਉਪਰੰਤ ਜੀਵਨ ਲਕਸ਼ ਪੂਰਾ ਹੁੰਦਾ ਹੈ ।

ਸਤਿਗੁਰੂ ਮੇਰਾ ਸਦਾ ਸਦਾ ਨ ਆਵੈ ਨਾ ਜਾਇ ॥
ਓਹੁ ਅਬਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥

(ਪੰਨਾ ੭੫੯)

● - ●

# ਬਾਬਾ ਮਾਇਆ ਭਰਮ ਭੁਲਾਏ

**1– ਸਰਵਿਦੰ ਖਲਵਿਦੰ ਬ੍ਰਹਮ ॥**

*ਭਾਵ ਸਭ ਕੁਝ ਬ੍ਰਹਮ ਹੀ ਬ੍ਰਹਮ ਹੈ ।*

**2– There is one but one and he alone.**

*ਇਥੇ ਇਕ ਤੋਂ ਬਗੈਰ ਹੋਰ ਕੁਝ ਵੀ ਨਹੀਂ, ਉਹ ਵੀ ਇਕੇਲਾ ਹੀ ।*

**3– ਲਾ ਇਲਾ ਇਲ ਅੱਲਾ ।**

ਇਕ ਅੱਲਾ ਤੋਂ ਬਗੈਰ ਹੋਰ ਕੁਝ ਵੀ ਨਹੀਂ ।

**4– ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀਂ ਕੋਈ ॥**

*(ਪੰਨਾ 485)*

ਇਹ ਚਾਰੋਂ ਕਥਨ, ਸੰਸਾਰ ਦੇ ਚਾਰ ਪ੍ਰਸਿੱਧ ਮੱਤਾਂ, ਹਿੰਦੂ, ਈਸਾਈ, ਇਸਲਾਮ ਅਤੇ ਸਿੱਖ ਧਰਮ ਦੇ ਧਰਮ ਗ੍ਰੰਥਾਂ ਵਿਚੋਂ ਲਏ ਗਏ ਹਨ । ਇਹ ਚਾਰੋਂ ਮਤਿ ਇਸ ਹਕੀਕਤ ਤੇ ਸਹਿਮਤ ਹਨ ਕਿ ਬੁਨਿਆਦੀ ਹੋਂਦ ਜਾਂ ਹਸਤੀ ਸਿਰਫ ਇਕ ਹੈ । ਜਿਸ ਨੂੰ ਕੋਈ ਅੱਲਾ, ਖੁਦਾ ਜਾਂ god ਆਖਦਾ ਹੈ ਅਤੇ ਕੋਈ ਇਸ ਨੂੰ ਬ੍ਰਹਮ, ਪਰਮ–ਆਤਮਾ ਜਾਂ ਵਾਹਿਗੁਰੂ ਦੇ ਨਾਮ ਨਾਲ ਯਾਦ ਕਰਦਾ ਹੈ । ਅੱਗੋਂ ਇਸੀ ਇਕ ਹਸਤੀ ਦੇ ਵਿਸਥਾਰ ਦਾ ਨਾਮ ਸੰਸਾਰ ਹੈ । ਸੰਸਾਰ ਦੇ ਅੰਦਰ ਅਤਿ ਦਾ ਵਖਰੇਵਾਂ ਨਜ਼ਰ ਆਉਂਦਾ ਹੈ । ਕੋਈ ਵੀ ਦੋ ਚੀਜ਼ਾਂ ਆਪੋਂ ਵਿਚ ਨਹੀਂ ਮਿਲਦੀਆਂ ਕਿਆ ਇਹ ਵਖਰੇਵਾਂ ਕੋਈ ਹਕੀਕੀ ਵਜੂਦ ਹੈ ? ਜਾਂ ਸਾਨੂੰ ਐਵੇਂ ਪ੍ਰਤੀਤ ਹੀ ਹੁੰਦਾ ਹੈ । ਜੇ ਇਹ ਸਭ ਕੁਝ ਐਵੇਂ ਪ੍ਰਤੀਤ ਹੀ ਹੁੰਦਾ ਹੈ, ਅਤੇ ਇਸਦਾ ਕੋਈ ਹਕੀਕੀ ਵਜੂਦ ਨਹੀਂ ਹੈ ਤਾਂ ਇਹ ਐਸਾ ਹੈ ਕਿਉਂ ?

ਜੇਕਰ ਦਾਸ ਇਹ ਸਚਾਈ ਬਿਆਨ ਕਰਦਾ ਹੈ ਕਿ ਸੰਸਾਰ ਦਾ ਆਪਣਾ ਕੋਈ ਵਜੂਦ ਨਹੀਂ ਹੈ, ਇਹ ਸਿਰਫ ਅਕਾਲ ਪੁਰਖ ਦਾ ਪ੍ਰਛਾਵਾਂ ਜਾਂ shadow ਹੀ ਹੈ ਤਾਂ ਦਾਸ ਦੇ ਇਸ ਬਿਆਨ ਨੂੰ ਕੋਈ ਮੰਨੇਗਾ ਨਹੀਂ । ਆਖਣਗੇ ਕਿ ਚਿੱਟੇ ਦਿਨ ਨਾਲੋਂ ਵੀ ਜ਼ਿਆਦਾ ਸਾਫ਼ ਹਕੀਕਤ, ਇਹ ਸੰਸਾਰ, ਜਿਸ ਵਿਚ ਅਸੀਂ ਸਾਰੀ ਉਮਰ ਕਾਰੋਬਾਰ ਕਰਦੇ, ਗਲਤਾਨ (ਰੁੱਝੇ ਹੋਏ) ਰਹਿੰਦੇ ਹਾਂ, ਇਹ ਸਿਰਫ ਇਕ ਪ੍ਰਛਾਵਾਂ ਹੀ ਕਿਵੇਂ ਹੋ ਸਕਦਾ ਹੈ ? ਦਾਸ ਵੀ ਮੰਨਦਾ ਹੈ ਕਿ ਇਹ ਸੰਸਾਰ, ਇਕ ਪ੍ਰਤੱਖ ਜਾਂ ਸਪੱਸ਼ਟ ਹਕੀਕਤ ਹੈ । ਇਸ ਦੀ ਹੋਂਦ ਤੋਂ ਇਨਕਾਰ ਕਰਨਾ, ਇਕ ਮੁਸ਼ਕਿਲ ਗੱਲ ਹੈ, ਪਰ ਅਕਾਲ ਪੁਰਖ ਦੇ ਪਾਸ ਇਕ ਸ਼ਕਤੀ ਹੈ ਜਿਸ ਦਾ ਨਾਮ ਹੈ 'ਮਾਇਆ' ਜਾਂ gllusion । ਮਾਇਆ ਦਾ ਕੰਮ ਹੈ ਸਾਡੀ ਚੇਤੰਤਾ ਨੂੰ ਚੱਕਰ ਵਿਚ ਪਾ ਕੇ, ਅਸਲ ਦੀ ਸ਼ਕਲ ਬਦਲੀ ਕਰ ਕੇ ਕੁਝ ਦਾ ਕੁਝ ਹੋਰ ਬਣਾ ਕੇ, ਸਾਡੇ ਸਾਹਮਣੇ ਖੜ੍ਹਾ ਕਰ ਦੇਣਾ । ਜਿਤਨੀ ਦੇਰ ਤੱਕ ਸਾਨੂੰ ਅਸਲੀਅਤ ਦੀ ਸੋਝੀ ਨਹੀਂ ਹੁੰਦੀ, ਮਾਇਆ ਦਾ ਇਕ ਭਰਮ ਜਾਲ ਸਾਡੀ ਚੇਤੰਤਾ ਦੇ ਸਾਹਮਣੇ ਖੜ੍ਹਾ ਰਹਿੰਦਾ ਹੈ ਜਿਵੇਂ ਕਿਸੇ ਸਮੇਂ ਰੱਸੀ ਦਾ ਸੱਪ ਬਣ ਜਾਂਦਾ ਹੈ ਅਸੀਂ ਰੱਸੀ ਦੇ ਸੱਪ ਤੋਂ ਡਰੀ ਜਾਂਦੇ ਹਾਂ । ਰੱਸੀ ਦਾ ਸੱਪ ਨਜ਼ਰ ਆਉਣਾ ਵੀ ਮਾਇਆ ਦਾ ਇਕ ਭਰਮ ਭੁਲੇਖਾ ਹੈ । ਇਸੀ ਪ੍ਰਥਾਏ ਹੀ ਗੁਰਬਾਣੀ ਦਾ ਫ਼ੁਰਮਾਨ ਹੈ :

**ਬਾਬਾ ਮਾਇਆ ਭਰਮਿ ਭੁਲਾਏ ॥** *(ਪੰਨਾ 60)*

**ਆਪੇ ਮਾਇਆ ਆਪੇ ਛਾਇਆ ॥**

*(ਪੰਨਾ 125)*

**ਆਪਣੀ ਮਾਇਆ ਆਪਿ ਪਸਾਰੀ ਅਪਹਿ ਦੇਖਨ ਹਾਰਾ ॥**

*(ਪੰਨਾ 537)*

**ਆਵਨ ਜਾਨੁ ਇਕ ਖੇਲੁ ਬਨਾਇਆ ॥**
**ਆਗਿਆ ਕਾਰੀ ਕੀਨੀ ਮਾਇਆ ॥**

*(ਪੰਨਾ 294)*

ਮਾਇਆ ਦਾ ਇਹ ਚੱਕਰ, ਜਨਮ ਤੋਂ ਹੀ ਸਾਡੇ ਉਪਰ ਕਾਠੀ ਪਾ ਲੈਂਦਾ ਹੈ, ਅਤੇ ਸਾਰੀ ਉਮਰ ਸਾਡੀ ਭੂਤਨੀ ਘੁੰਮਾਈ ਫਿਰਦਾ ਹੈ।

**ਜੈਸੀ ਅਗਨਿ ਉਦਰ ਮਹਿ, ਤੈਸੀ ਬਾਹਰਿ ਮਾਇਆ ॥**
**ਮਾਇਆ ਅਗਨਿ ਸਭ ਇਕੋ ਜੇਹੀ, ਕਰਤੈ ਖੇਲੁ ਰਚਾਇਆ ॥**
**ਜਾ ਤਿਸੁ ਭਾਣਾ ਤਾ ਜੰਮਿਆ, ਪਰਵਾਰਿ ਭਲਾ ਭਾਇਆ ॥**
**ਲਿਵ ਛੁੜਕੀ ਲਗੀ ਤ੍ਰਿਸਨਾ, *ਮਾਇਆ ਅਮਰੁ ਵਰਤਾਇਆ* ॥**
**ਇਹ ਮਾਇਆ ਜਿਤੁ ਹਰਿ ਵਿਸਰੈ, ਮੋਹੁ ਉਪਜੈ ਭਾਉ ਦੂਜਾ ਲਾਇਆ ॥**

*(ਪੰਨਾ 921)*

**ਕਹੈ ਨਾਨਕੁ ਗੁਰ ਪਰਸਾਦੀ, ਜਿਨਾ ਲਿਵ ਲਾਗੀ, ਤਿਨੀ ਵਿਚੇ ਮਾਇਆ ਪਾਇਆ ॥**

*(ਪੰਨਾ 921)*

ਅਕਾਲ ਪੁਰਖ ਦੇ ਭਾਣੇ ਅੰਦਰ ਜਦੋਂ ਬਾਲਕ ਦਾ ਜਨਮ ਹੁੰਦਾ ਹੈ ਤਾਂ ਪ੍ਰਵਾਰ ਵਿਚ ਤਾਂ ਭਾਵੇਂ ਖੁਸ਼ੀ ਦੀ ਲਹਿਰ ਦੌੜ ਜਾਂਦੀ ਹੈ ਪਰ ਬਾਲਕ ਦੀ, ਅਕਾਲ ਪੁਰਖ ਨਾਲੋਂ ਲਿਵ ਛੁੜਕ ਜਾਂਦੀ ਹੈ, ਟੁੱਟ ਜਾਂਦੀ ਹੈ। ਮਾਇਆ ਦਾ ਹਮਲਾ ਸ਼ੁਰੂ ਹੋ ਜਾਂਦਾ ਹੈ। ਮਾਇਆ ਬਾਲਕ ਨੂੰ ਤ੍ਰਿਸ਼ਨਾਵਾਂ ਅਤੇ ਵਾਸ਼ਨਾਵਾਂ ਦੇ ਚੱਕਰ ਵਿਚ ਫਸਾ ਦਿੰਦੀ ਹੈ। ਬਾਲਕ ਜਨਮ ਤੋਂ ਹੀ, ਆਪਣੇ ਮਾਂ ਬਾਪ ਅਤੇ ਭੈਣ ਭਰਾਵਾਂ ਤੋਂ ਕੁਝ ਵਿਚਾਰ ਗ੍ਰਹਿਣ ਕਰਦਾ ਹੈ। ਆਪਣੇ ਚੌਗਿਰਦੇ ਨੂੰ ਵੀ ਤੱਕਦਾ ਹੈ। ਸਕੂਲੇ ਪੜ੍ਹਨੇ ਪੈ ਗਿਆ ਤਾਂ ਆਪਣੇ ਉਸਤਾਦ ਤੋਂ ਅਤੇ ਕਿਤਾਬਾਂ ਤੋਂ ਜੋ ਉਹ ਪੜ੍ਹਦਾ ਹੈ, ਬਹੁਤ ਸਾਰੇ ਵਿਚਾਰ ਪ੍ਰਾਪਤ ਕਰਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਇਸ ਸਾਰੇ ਮਾਹੌਲ ਤੋਂ ਜੋ Concept, ਬਾਲਕ ਦੇ ਮਨ ਵਿਚ ਬਣਦਾ ਹੈ, ਉਸ ਨੂੰ ਇਹ ਸੰਸਾਰ, ਉਸੀ Concept ਅਨੁਸਾਰ ਹੀ ਨਜ਼ਰ ਆਉਂਦਾ ਹੈ। ਇਸੀ Concept, ਸੋਚ ਜਾਂ ਸਮਝ ਤੋਂ, ਬਾਹਰ ਨਿਕਲ, ਅਸਲ ਹਕੀਕਤ ਨੂੰ ਸਮਝਣਾ, ਇਕ ਤਰ੍ਹਾਂ ਨਾਲ ਉਸ ਲਈ ਅਸੰਭਵ ਜੇਹਾ ਹੋ ਜਾਂਦਾ ਹੈ। ਸ੍ਰੀਮਤੀ ਸ਼ਿਰਲੀ ਮੈਕਲੀਨ, ਆਪਣੀ ਪੁਸਤਕ 'Going with in' ਵਿਚ ਇਸ ਹਕੀਕਤ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਦੁਆਰਾ ਕਰਦੀ ਹੈ "....that the <u>nature of what is being observed</u> shifts and alters according the consionsness of the observer....The Universe is probably one giant thought." ਭਾਵ ਜੋ ਕੁਝ ਦੇਖਿਆ ਜਾ ਰਿਹਾ ਹੈ, ਉਸ ਦੀ ਸ਼ਕਲੋ ਸੂਰਤ ਜਾਂ ਗੁਣ ਅਤੇ ਔਗੁਣ, ਦੇਖਣ ਵਾਲੇ ਦੀ ਚੇਤੰਤਾ ਅਨੁਸਾਰ ਬਦਲੀ ਹੋ ਜਾਂਦੇ ਹਨ। ··· ਸੰਸਾਰ ਇਕ ਬਹੁਤ ਵੱਡਾ ਖਿਆਲ ਹੈ। ਸ੍ਰੀਮਤੀ ਸ਼ਿਰਲੀ ਦੇ ਇਸ ਕਥਨ ਦਾ ਭਾਵ ਹੈ ਕਿ ਸੰਸਾਰ, <u>ਮਹਿਜ਼ ਇਕ ਖ਼ਿਆਲ</u> ਹੈ। ਜੇਹੋ ਜੇਹੀ ਸਾਡੀ ਸੋਚ ਜਾਂ concept ਇਸ ਬਾਰੇ ਬਣ ਜਾਂਦੀ ਹੈ, ਉਹੋ ਜਿਹਾ ਹੀ ਇਹ ਸਾਨੂੰ ਨਜ਼ਰ ਆਉਂਦਾ ਹੈ।

ਅਸੀਂ ਹਰ ਰੋਜ਼ ਸਵੇਰੇ, ਸੂਰਜ ਨੂੰ ਚੜ੍ਹਦੇ ਪਾਸੇ ਨਿਕਲਦਾ ਅਤੇ ਸ਼ਾਮ ਨੂੰ ਲਹਿੰਦੇ ਪਾਸੇ ਛੁਪਦਾ ਦੇਖਦੇ ਹਾਂ। ਜਿਸ ਧਰਤੀ ਤੇ ਅਸੀਂ ਤੁਰਦੇ ਫਿਰਦੇ ਹਾਂ, ਇਹ ਧਰਤੀ ਚਪਟੀ ਨਜ਼ਰ ਆਉਂਦੀ ਹੈ। ਜਿਸ ਕੁਰਸੀ ਉਪਰ ਅਸੀ ਤੁਸੀ ਸਾਰੇ ਬੈਠਦੇ ਉਠਦੇ ਹਾਂ, ਉਹ ਕੁਰਸੀ ਬਗੈਰ ਕਿਸੀ ਹਰਕਤ ਤੋਂ, ਇਕ ਹੀ ਥਾਂ ਤੇ ਸਥਿਰ ਪਈ ਨਜ਼ਰ ਆਉਂਦੀ ਹੈ। ਇਹ ਕੁਝ ਐਸੇ concept ਜਾਂ ਵਿਚਾਰ ਹਨ, ਜੋ ਜਨਮ ਤੋਂ ਹੀ ਹਰ ਰੋਜ਼, ਸਾਡੇ ਅਨੁਭਵ ਵਿਚ ਆਉਂਦੇ ਹਨ। ਪਰ ਅਸਲੀਅਤ ਇਹ ਹੈ ਕਿ ਸੂਰਜ ਨਾ ਕਿਸੀ ਪਾਸਿਓਂ ਨਿਕਲਦਾ ਹੈ ਅਤੇ ਨਾ ਹੀ ਕਿਸੀ ਪਾਸੇ

ਜਾ ਛੁਪਦਾ ਹੈ। ਸੂਰਜ ਤਾਂ ਕਿਧਰੇ ਆਉਂਦਾ ਜਾਂਦਾ ਨਹੀਂ ਹੈ। ਜ਼ਮੀਨ ਘੁੰਮਦੀ ਹੈ। ਇਸ ਦਾ ਜੋ ਹਿੱਸਾ ਸੂਰਜ ਦੇ ਸਾਹਮਣੇ ਆਉਂਦਾ ਹੈ, ਅਸੀਂ ਆਖ ਦਿੰਦੇ ਹਾਂ ਸੂਰਜ ਨਿਕਲ ਆਇਆ, ਜੋ ਹਿੱਸਾ ਘੁੰਮ ਕੇ ਸੂਰਜ ਤੋਂ ਓਹਲੇ ਹੋ ਜਾਂਦਾ ਹੈ, ਅਸੀਂ ਆਖ ਦਿੰਦੇ ਹਾਂ ਕਿ ਸੂਰਜ ਛੁਪ ਗਿਆ।

ਧਰਤੀ ਚਪਟੀ ਨਜ਼ਰ ਆਉਂਦੀ ਹੈ ਪਰ ਇਹ ਚਪਟੀ ਨਹੀਂ, ਗੋਲ ਹੈ, ਗੇਲੀਲੀਓ ਨੇ ਜਦੋਂ ਇਹ ਹਕੀਕਤ ਪਹਿਲੀ ਬਾਰ ਬਿਆਨ ਕੀਤੀ ਸੀ ਤਾਂ ਕਿਸੇ ਨੇ ਇਸ ਨੂੰ ਸੱਚ ਨਾ ਮੰਨਿਆ। ਉਸ ਦੇ ਇਸ ਬਿਆਨ ਨੂੰ ਕੁਫਰ ਦਾ ਕਲਾਮ ਆਖ ਕੇ, ਗੇਲੀਲਓ ਨੂੰ ਉਮਰ ਭਰ ਕੈਦ ਰੱਖਿਆ ਗਿਆ। ਹੁਣ ਤਾਂ ਧਰਤੀ ਦੇ ਗੋਲ ਹੋਣ ਦਾ ਕੋਈ ਸਬੂਤ ਦੇਣ ਦੀ ਲੋੜ ਨਹੀਂ ਹੈ। ਤੁਸੀਂ ਕਿਸੀ ਵੀ ਵਕਤ ਕਿਸੀ space craft ਵਿਚ ਸਵਾਰ ਹੋ ਧਰਤੀ ਤੋਂ ਕੁਝ ਹਜ਼ਾਰ ਮੀਲ ਉਪਰ ਉਠ ਜਾਓ ਤੇ ਧਰਤੀ ਨੂੰ ਇਸ ਦੇ ਗੋਲਾਕਾਰ ਰੂਪ ਵਿਚ, ਆਪਣੀ ਅੱਖ ਨਾਲ ਦੇਖ ਲਓ। ਕੁਰਸੀ ਜਿਸ ਤੇ ਦਾਸ ਬੈਠਾ ਹੋਇਆ ਹੈ, ਇਹ ਧਰਤੀ ਤੇ ਤਾਂ ਭਾਵੇਂ ਸਥਿਰ ਨਜ਼ਰ ਆਉਂਦੀ ਹੈ, ਪਰ space ਵਿਚ ਗਿਆਂ ਹੋਇਆਂ ਦੇ ਸਾਹਮਣੇ ਤੋਂ 1035 ਮੀਲ ਫੀ ਘੰਟਾ ਦੀ ਰਫਤਾਰ ਤੇ ਦੌੜੀ ਜਾਂਦੀ ਹੈ, ਤੁਸੀਂ ਆਪਣੀ ਅੱਖ ਨਾਲ ਦੇਖ ਸਕਦੇ ਹੋ। ਹਰ 24 ਘੰਟੇ ਬਾਅਦ ਇਹ ਕੁਰਸੀ ਤੁਹਾਡੀ ਨਜ਼ਰ ਦੇ ਸਾਹਮਣੇ ਤੋਂ ਇਸੀ ਤੇਜ਼ ਰਫਤਾਰ ਨਾਲ ਗੁਜ਼ਰੇਗੀ। ਕਾਰਨ ਇਹ ਕਿ ਜ਼ਮੀਨ ਦੇ ਘੁੰਮਣ ਦੀ ਰਫਤਾਰ 1035/ਮੀਲ ਫੀ ਘੰਟਾ ਹੈ। ਇਥੇ ਹੀ ਬੱਸ ਨਹੀਂ, ਤੁਸੀਂ ਆਪਣੇ space craft ਨੂੰ ਧਰਤੀ ਤੋਂ ਕੋਈ ਦਸ ਬਾਰਾਂ ਕਰੋੜ ਮੀਲ ਉਪਰ ਲੈ ਜਾਓ ਤਾਂ ਇਹ ਕੁਰਸੀ ਸਮੇਤ ਧਰਤੀ ਦੇ ਤੁਹਾਡੀ ਨਜ਼ਰ ਅੱਗਿਓਂ 66,000/-ਮੀਲ ਫੀ ਘੰਟਾ ਦੀ ਰਫਤਾਰ ਤੇ, ਗੁਜਰਦੀ ਨਜ਼ਰ ਆਏਗੀ, ਕਿਉਂਕਿ ਧਰਤੀ, ਸੂਰਜ ਦੇ ਗਿਰਦ 66,000/ਮੀਲ ਫੀ ਘੰਟਾ ਦੀ ਰਫਤਾਰ ਤੇ ਚੱਕਰ ਕਟਦੀ ਹੈ। ਇਹ ਕੁਰਸੀ ਹਰ ਸਾਲ, ਇਕ ਬਾਰੀ ਤੁਹਾਡੇ ਸਾਹਮਣੇ ਤੋਂ ਲੰਘਦੀ ਹੋਈ ਆਪਣੀ ਅੱਖ ਨਾਲ ਦੇਖੋਗੇ।

ਗਰਮੀਆਂ ਦੇ ਦਿਨਾਂ ਵਿਚ ਰੇਗਿਸਤਾਨ ਵਿਚ ਦੂਰ ਫਾਸਲੇ ਤੇ ਗਰਮੀ ਦੀਆਂ ਕੁਝ ਲੈਹਰਾਂ ਉਠਦੀਆਂ ਹਨ, ਪਰ ਨਜ਼ਰ ਆਉਂਦੀਆਂ ਹਨ ਜਿਵੇਂ ਇਹ ਪਾਣੀ ਹੁੰਦਾ ਹੈ, ਇਸ ਨੂੰ ਮ੍ਰਿਗਤ੍ਰਿਸ਼ਨਾ ਜਾਂ ਸੁਰਾਬ ਆਖਦੇ ਹਨ। ਇਕ ਪਿਆਸਾ ਮਿਰਗ, ਪਿਆਸ ਬੁਝਾਉਣ ਲਈ, ਇਨ੍ਹਾਂ ਪਾਣੀਨੁਮਾ ਲੈਹਰਾਂ ਵੱਲ ਦੌੜਦਾ ਹੈ। ਜਿਓਂ ਜਿਓਂ ਉਹ ਅੱਗੇ ਦੌੜਦਾ ਹੈ, ਇਹ ਨਕਲੀ ਪਾਣੀ ਵੀ ਹੋਰ ਅੱਗੇ ਨਜ਼ਰ ਆਉਂਦਾ ਹੈ। ਨਤੀਜਾ ਇਹ ਹੁੰਦਾ ਹੈ ਕਿ ਗਰਮੀ ਅਤੇ ਪਿਆਸ ਦੇ ਮਾਰੇ ਹੋਏ ਇਸ ਮਿਰਗ ਦੀ ਮੌਤ ਹੋ ਜਾਂਦੀ ਹੈ। ਕਾਰ ਵਿਚ ਸਫਰ ਕਰਦੇ ਹੋਏ, ਸੜਕ ਦੇ ਕਿਨਾਰੇ ਖੜ੍ਹੇ ਦਰਖਤ, ਦੌੜਦੇ ਨਜ਼ਰ ਆਉਂਦੇ ਹਨ। ਆਕਾਸ਼ ਵਿਚ ਬੱਦਲ ਚਾਲ ਦੇ ਕਾਰਨ, ਚੰਦ ਤੁਰਦਾ ਨਜ਼ਰ ਆਉਂਦਾ ਹੈ, ਕਈ ਦਫਾ ਰੱਸੀ ਸੱਪ ਦੀ ਸ਼ਕਲ ਵਿਚ ਦਿਖਾਈ ਦਿੰਦੀ ਹੈ। ਰਾਤ ਨੂੰ ਹਨ੍ਹੇਰੇ ਵਿਚ ਦਰਖਤ ਦਾ ਕੋਈ ਟੁੰਡ, ਆਦਮੀ ਨਜ਼ਰ ਆਉਂਦਾ ਹੈ। ਇਸੀ ਤਰ੍ਹਾਂ ਹੀ ਹੋਰ ਵੀ ਬਹੁਤ ਸਾਰੇ ਵਾਕਿਆਤ ਐਸੇ ਪੇਸ਼ ਆਉਂਦੇ ਹਨ, ਜਿਨ੍ਹਾਂ ਵਿਚ ਨਜ਼ਰ ਕੁਝ ਆਉਂਦਾ ਹੈ, ਪਰ ਅਸਲੀਅਤ ਇਸ ਤੋਂ ਉਲਟ ਕੁਝ ਹੋਰ ਹੀ ਹੁੰਦੀ ਹੈ। ਇਹ ਹੈ ਸਭ ਕੁਝ ਮਾਇਆ ਦਾ ਖੇਲ, ਜੋ ਸਾਡੇ ਆਪਣੇ ਹੀ Concept ਜਾਂ ਵਿਚਾਰਾਂ ਦਾ ਨਤੀਜਾ ਹੁੰਦਾ ਹੈ। ਤੁਸੀਂ ਆਪਣੇ ਵਿਚਾਰ ਜਾਂ concept ਨੂੰ ਬਦਲ ਦਿਓ, ਸੰਸਾਰ ਬਦਲੀ ਹੋ ਜਾਏਗਾ।

ਇੰਗਲੈਂਡ ਦੇ ਮਸ਼ਹੂਰ ਸਾਇੰਸਦਾਨ, ਲਾਰਡ ਐਡਿੰਗਟਨ ਦਾ ਕਥਨ ਹੈ ਕਿ "The ultimate stuff of the Universe is Mind stuff" ਭਾਵ ਵਿਸ਼ਵ ਦੀ ਉਤਪਤੀ ਦਾ ਮੂਲ ਕਾਰਨ, ਮਨ ਦੇ ਵਿਚਾਰ ਹਨ। ਡਾਕਟਰ ਦੀਪਕ ਚੋਪੜਾ ਐਮ· ਡੀ· ਆਪਣੀ ਪੁਸਤਕ "Age Less Body, Time Less Mind" ਵਿਚ ਲਿਖਦਾ ਹੈ ਕਿ "The world is a reflection of the sensory apparatus that registers it ." ਭਾਵ ਗਿਆਨ ਇੰਦਰੀਆਂ ਜੋ ਕੁਝ ਗ੍ਰਹਿਣ ਕਰਦੀਆਂ ਹਨ, ਸੰਸਾਰ ਉਸ ਦਾ ਪ੍ਰਛਾਵਾਂ ਹੈ।

ਦੁਨੀਆਂ ਵਿਚ ਸਾਨੂੰ ਬਹੁਤ ਸਾਰਾ ਪਦਾਰਥ ਠੋਸ (Solid) ਸ਼ਕਲ ਵਿਚ ਨਜ਼ਰ ਆਉਂਦਾ ਹੈ। ਇਥੇ ਫੇਰ ਜੇ ਸੱਚ ਆਖਾਂ ਤਾਂ ਤੁਸੀ ਮੰਨੋਗੇ ਨਹੀਂ। ਸੱਚ ਇਹ ਹੈ ਕਿ ਠੋਸਪਨ ਵੀ ਇਕ ਮਾਇਆ ਜਾਲ ਹੈ, ਜੋ ਮ੍ਰਿਗਤ੍ਰਿਸ਼ਨਾ ਵਾਂਗ ਨਜ਼ਰ ਤਾਂ ਆਉਂਦਾ ਹੈ ਪਰ ਅਸਲ ਵਿਚ ਇਸ ਦੀ ਕੋਈ ਹਕੀਕਤ ਹੈ ਨਹੀਂ। ਇਹ ਤਾਂ ਤੁਸੀ ਜਾਣਦੇ

ਹੋ ਕਿ ਪ੍ਰਕਿਰਤੀ ਦਾ ਮੁੱਢ ਐਟਮ (Atom) ਤੋਂ ਬੱਝਦਾ ਹੈ । ਐਟਮ ਤੋਂ, ਮੋਲੀਕੀਊਲ, ਐਲੀਮੈਂਟ ਅਤੇ ਕੰਪਾਊਂਡ ਦੀ ਬਣਤਰ ਹੋ, ਸੰਸਾਰ ਦੀ ਰਚਨਾ ਹੁੰਦੀ ਹੈ। ਸੰਸਾਰ ਦੀ ਜੜ੍ਹ, ਇਹ ਐਟਮ ਕਿਆ ਹੈ ? ਐਟਮ ਇਲੈਕਟ੍ਰੋਨ ਪ੍ਰੋਟੋਨ ਅਤੇ ਨੀਊਟ੍ਰੋਨ ਦੇ ਸੁਮੇਲ ਦਾ ਨਾਮ ਹੈ, ਇਨ੍ਹਾਂ ਤਿੰਨਾਂ ਨੂੰ Sub atomic particles ਵੀ ਆਖਦੇ ਹਨ । ਪ੍ਰੋਟੋਨ ਅਤੇ ਨੀਊਟ੍ਰੋਨ ਆਪੋ ਵਿਚ ਜੁੜੇ ਹੋਏ ਹਨ ਜਿਸ ਨੂੰ 'ਨਾਭ' ਜਾਂ ਨੁਕਲੀਅਸ ਆਖਦੇ ਹਨ । *ਐਟਮ ਵਿਚ, ਇਸ ਨਾਭ ਤੋਂ, ਦਸ ਹਜ਼ਾਰ ਗੁਣਾਂ ਜ਼ਿਆਦਾ ਖਾਲੀ ਥਾਂ ਜਾਂ space ਹੈ,* ਜਿਸ ਦੇ ਅੰਦਰ, ਇਲੈਕਟ੍ਰੋਨ ਨਾਭ ਦੇ ਗਿਰਦ ਚੱਕਰ ਕੱਟਦਾ ਹੈ । ਇਲੈਕਟ੍ਰੋਨ ਬਿਜਲੀ ਦਾ ਨੈਗੇਟਿਵ ਚਾਰਜ ਹੈ । ਪ੍ਰੋਟੋਨ ਪੋਜਿਟਿਵ ਅਤੇ ਨੀਊਟ੍ਰੋਨ, ਨੀਊਟਰਲ ਹੈ । ਇਹ ਤਿੰਨੋਂ ਹੀ Sub atomic particles, Abstract ਜਾਂ ਅਤਿ ਸੂਖਸ਼ਮ ਹੋਣ ਦੇ ਕਾਰਨ, ਸਾਡੀ ਗਿਆਨ ਇੰਦਰੀਆਂ ਦੀ ਗ੍ਰਹਿਣ (ਪਹੁੰਚ) ਸ਼ਕਤੀ ਤੋਂ ਬਾਹਰ ਹਨ । ਸੰਸਾਰ ਦਾ ਪਦਾਰਥ ਜੋ ਸਾਨੂੰ ਠੋਸ ਹਾਲਤ ਵਿਚ ਨਜ਼ਰ ਆਉਂਦਾ ਹੈ । ਉਸ ਵਿਚੋਂ ਇਕ ਹਿੱਸਾ ਤਾਂ ਬਿਜਲੀ ਹੈ ਜਿਸ ਨੂੰ ਸਾਡੀ ਗਿਆਨ ਇੰਦਰੀਆਂ ਪਕੜ ਨਹੀਂ ਸਕਦੀਆਂ । ਬਾਕੀ ਨੌਂ ਹਜ਼ਾਰ, ਨੌ ਸੌ ਨਨਾਨਵੇਂ (9,999) ਹਿੱਸੇ ਖਾਲੀ ਥਾਂ ਹੈ, ਜਿਸ ਨੂੰ ਅਸੀਂ ਦੇਖ ਸੁਣ ਨਹੀਂ ਸਕਦੇ । ਹੁਣ ਤੁਸੀਂ ਖੁਦ ਹੀ ਫੈਸਲਾ ਕਰ ਦੇਵੋ ਕਿ ਜਿਸ ਐਟਮ ਤੋਂ ਠੋਸ ਪਦਾਰਥ ਦੀ ਰਚਨਾ ਹੁੰਦੀ, ਆਖੀ ਜਾਂਦੀ ਹੈ, ਉਹ ਐਟਮ ਖੁਦ ਤਾਂ Abstract (ਅਤਿਸੂਖਸ਼ਮ) ਹੈ । ਉਸ ਦੀ ਕਿਰਤ, ਮਿੱਟੀ, ਲਕੜੀ, ਲੋਹੇ ਆਦਿ ਵਿਚ ਠੋਸਪਨ ਕਿਵੇਂ ਆ ਗਿਆ । ਮੋਮ ਦੀ ਕਿਰਤ, ਮੋਮਬੱਤੀ, ਮੋਮ ਵਾਂਗੂ ਨਰਮ ਤਾਂ ਹੋ ਸਕਦੀ ਹੈ, ਪਰ ਲਕੜੀ, ਲੋਹੇ ਵਾਂਗੂ ਸਖ਼ਤ ਨਹੀਂ । ਇਸੀ ਤਰ੍ਹਾਂ ਹੀ Atom ਜੋ ਖੁਦ Abstract ਹੈ ਉਸ ਦੀ ਕਿਰਤ ਸੰਸਾਰ ਠੋਸ ਜਾਂ Solid ਕਿਵੇਂ ਹੋ ਸਕਦੀ ਹੈ ? ਭਾਵ ਸੰਸਾਰ ਠੋਸ ਨਹੀਂ ਹੈ, *ਪ੍ਰਤੀਤ ਹੁੰਦਾ ਹੈ ।* ਇਸੀ ਦਾ ਨਾਮ ਹੈ 'ਮਾਇਆ ਜਾਲ' ।

ਇਸੀ ਪ੍ਰਥਾਏ ਹੀ ਸ੍ਰੀਮਤੀ ਸ਼ਿਰਲੀ, ਆਪਣੀ ਪੁਸਤਕ 'Going with in' ਵਿਚ ਲਿਖਦੀ ਹੈ ਕਿ 'Acording to science the solidity of matter is actually an allusion. The grand gllusion, as a matter of fact, is, that our physical world is solid. It is not, It is a molecule structure of sub Atomic Particles, that appear to be solid... The molecules that create allusion of phisical reality are organised by electromegnetice field of energy.'

ਭਾਵ ਸਾਇੰਸ ਅਨੁਸਾਰ, ਪਰਕ੍ਰਿਤੀ ਅੰਦਰ ਠੋਸਪਨ, ਅਸਲ ਵਿਚ ਇਕ ਭਰਮ ਭੁਲਾਵਾ ਜਾਂ ਮਾਇਆ ਜਾਲ ਹੈ। ਇਕ ਬਹੁਤ ਬੜਾ ਭਾਰਮ ਭੁਲਾਵਾ ਕਿ ਸਾਡਾ ਪਰਾਕਰਿਤਕ ਸੰਸਾਰ ਵਾਕਈ ਠੋਸ ਹੈ । (ਭਾਵ ਠੋਸ ਹੈ ਨਹੀਂ, ਠੋਸ ਪ੍ਰਤੀਤ ਹੋਣਾ, ਇਕ ਭਰਮ ਭੁਲਾਵਾ ਹੈ) । ...ਮੋਲੀਕੀਊਲ, ਜੋ ਪ੍ਰਕ੍ਰਿਤੀ ਹੋਣ ਦਾ ਭਰਮ ਭੁਲਾਵਾ ਪੈਦਾ ਕਰਦੇ ਹਨ, ਇਹ ਇਲੈਕਟਰੋ ਮੈਗਨੈਟਿਕ ਸ਼ਕਤੀ ਖੇਤਰ ਦੀ ਉਪਜ ਹਨ ।

ਇਸੀ ਹਕੀਕਤ ਨੂੰ ਡਾ: ਚੋਪੜਾ ਆਪਣੀ ਪੁਸਤਕ 'Age less body time-less Mind' ਵਿਚ ਕੁਝ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਤੁਸੀਂ ਕਿਸੀ ਵੀ ਠੋਸ ਪਦਾਰਥ ਨੂੰ ਤਾਕਤਵਰ ਮਾਈਕਰੋਸਕੋਪ ਦੇ ਨੀਚੇ ਰੱਖ ਕੇ ਦੇਖੋਗੇ ਤਾਂ ਤੁਹਾਨੂੰ ਪਤਾ ਚੱਲੇਗਾ ਕਿ 'Every solid particle in the Universe turned out to be ghostly bundle of energy, vibrating in an immence void.' ਭਾਵ ਠੋਸ ਪਦਾਰਥ ਦਾ ਹਰ ਇਕ ਛੋਟੇ ਤੋਂ ਛੋਟਾ ਟੁਕੜਾ (ਭਾਵ Sub atomic perticle) ਸ਼ਕਤੀ ਦੇ ਬੰਡਲ ਦੇ ਰੂਪ ਵਿਚ, ਜੋ ਕਿ ਬੇਹੱਦ ਖਾਲੀ ਥਾਂ ਵਿਚ Vibrate ਕਰਦਾ ਹੈ, ਬਦਲੀ ਹੋ ਗਿਆ ਹੈ । ਇਸ ਦਾ ਅਰਥ ਵੀ, ਇਹ ਹੀ ਹੋਇਆ ਕਿ *ਸੰਸਾਰ ਅੰਦਰ ਠੋਸ ਪਦਾਰਥ ਨਾਮ ਦੀ ਕੋਈ ਸ਼ੈਅ ਨਹੀਂ ਹੈ । ਜੋ ਕੁਝ ਵੀ ਮੌਜੂਦ ਹੈ ਉਹ Abstract (ਅਤਿਸੂਖਸ਼ਮ) ਸ਼ਕਤੀ ਦੇ ਰੂਪ ਵਿਚ ਹੀ ਮੌਜੂਦ ਹੈ,* ਜਿਸ ਨੂੰ ਸਾਡੀ ਗਿਆਨ ਇੰਦਰੀਆਂ ਗ੍ਰਹਿਣ ਨਹੀਂ ਕਰ ਸਕਦੀਆਂ ।

### *ਇਸੀ ਹਕੀਕਤ ਦਾ ਇਕ ਹੋਰ ਪੱਖ –*

ਲੱਕੜੀ ਦੇ ਇਕ ਟੁਕੜੇ ਦੇ, ਇਕ ਸਿਰੇ ਨੂੰ ਅੱਗ ਲਾ ਕੇ, ਇਸ ਨੂੰ ਤੇਜ਼ੀ ਨਾਲ ਘੁੰਮਾਉ, ਲਕੜੀ ਜਿਸ ਦਾਇਰੇ ਵਿਚ ਘੁੰਮ ਰਹੀ ਹੈ, ਉਹ ਦਾਇਰਾ ਅੱਗ ਦੇ ਚੱਕਰ ਦੇ ਰੂਪ ਵਿਚ ਦਿਖਾਈ ਦਿੰਦਾ ਹੈ । ਅੱਗ ਦੇ ਇਸ

ਦਾਇਰੇ ਦੀ ਹੋਂਦ ਤਾਂ ਕੋਈ ਨਹੀਂ ਹੈ, ਪਰ ਇਹ ਸਾਨੂੰ ਨਜ਼ਰ ਆਉਂਦਾ ਹੈ। ਇਸੀ ਅਸੂਲ ਤੇ ਟੈਲੀਵਿਜ਼ਨ ਦੀ ਕਾਢ ਕੱਢੀ ਗਈ ਹੈ। ਟੈਲੀਵਿਜ਼ਨ ਤੇ ਦਿਖਾਈ ਜਾ ਰਹੀ ਫਿਲਮ ਦੇ ਵਿਚ ਵੱਖੋ-ਵੱਖ ਤਸਵੀਰਾਂ, ਇਕ ਤਰਤੀਬ ਸਿਰ ਬਣੀਆਂ ਹੁੰਦੀਆਂ ਹਨ। ਹਰ ਦੋ ਤਸਵੀਰਾਂ ਦੇ ਵਿਚਕਾਰ ਥੋੜ੍ਹੀ ਵਿੱਥ (gap) ਹੁੰਦੀ ਹੈ। ਫਿਲਮ, ਇਤਨੀ ਤੇਜ਼ੀ ਨਾਲ ਚਲਦੀ ਹੈ ਕਿ ਇਸ ਦੀਆਂ 24 ਤਸਵੀਰਾਂ ਅਤੇ ਇਨ੍ਹਾਂ ਦੇ ਵਿਚਕਾਰ 24 gap, ਇਕ ਸੈਂਕਡ ਵਿਚ ਸਾਡੀ ਨਜ਼ਰ ਅੱਗਿਓਂ ਗੁਜ਼ਰਦੇ ਹਨ। ਤੇਜ਼ੀ ਦੇ ਕਾਰਨ gap ਲੰਘਦੇ ਨਜ਼ਰ ਨਹੀਂ ਆਉਂਦੇ ਸਿਰਫ ਤਸਵੀਰਾਂ ਹੀ ਸਾਨੂੰ ਨਜ਼ਰ ਆਉਂਦੀਆਂ ਹਨ। ਸਾਨੂੰ ਜਿਵੇਂ ਲੱਕੜੀ ਦੇ ਸਿਰੇ ਤੇ ਲੱਗੀ ਅੱਗ ਇਕ ਲਗਾਤਾਰ ਚੱਕਰ ਦੀ ਸ਼ਕਲ ਵਿਚ ਨਜ਼ਰ ਆਉਂਦੀ ਹੈ, ਇਸੀ ਤਰ੍ਹਾਂ ਹੀ ਟੈਲੀਵਿਜ਼ਨ ਦੀਆਂ ਤਸਵੀਰਾਂ, ਇਕੋ ਲਗਾਤਾਰ ਚਲ ਰਹੀ ਤਸਵੀਰ ਪ੍ਰਤੀਤ ਹੁੰਦੀ ਹੈ। ਐਓਂ ਲੱਗਣ ਲੱਗ ਜਾਂਦਾ ਹੈ ਜਿਵੇਂ ਕਿ ਇਹ ਅਸਲੀ ਐਕਟਰ ਜਾਂ ਐਕਟਰੈੱਸਾਂ ਤੁਰੀਆਂ ਫਿਰਦੀਆਂ ਹੁੰਦੀਆਂ ਹਨ। ਇਥੇ ਹੁੰਦਾ ਕੁਝ ਵੀ ਨਹੀਂ। ਸਿਰਫ ਰੋਸ਼ਨੀ ਅਤੇ ਪਰਛਾਵੇਂ (Light & shade) ਦਾ ਛਲਾਵਾ ਹੀ ਹੁੰਦਾ ਹੈ। *ਟੈਲੀਵਿਜ਼ਨ, ਮਾਇਆ ਜਾਲ ਜਾਂ Gllusion ਦਾ ਇਕ ਬੇਹਤਰੀਨ ਨਮੂਨਾ ਹੈ।*

ਡਾਕਟਰ ਚੋਪੜਾ ਜੀ ਟੈਲੀਵਿਜ਼ਨ ਜਾਂ Movie ਦੀ ਮਿਸਾਲ ਦੇ ਕੇ, ਇਕ ਬਹੁਤ ਵੱਡਾ ਤੱਥ ਸਾਡੇ ਅੱਗੇ ਪੇਸ਼ ਕਰਦੇ ਹਨ। ਲਿਖਦੇ ਹਨ ਕਿ ਸੰਸਾਰ ਦੀ ਰਚਨਾ ਐਟਮ ਅਤੇ ਐਟਮ ਦੀ ਬਣਤਰ, ਇਲੈਕਟਰੋਨ, ਪ੍ਰੋਟੋਨ ਅਤੇ ਨੀਊਟ੍ਰੋਨ ਦੇ ਸੁਮੇਲ ਤੋਂ ਹੁੰਦੀ ਹੈ। ਇਹ ਤਿੰਨੋਂ Sub atomic particles, ਸ਼ਕਤੀ ਜਾਂ Energy ਦੇ ਬੰਡਲ ਹੁੰਦੇ ਹਨ। ਇਹ ਰੋਸ਼ਨੀ ਦੀ ਬੱਤੀ ਵਾਂਗੂ ਜਗਦੇ ਬੁਝਦੇ ਰਹਿੰਦੇ ਹਨ। ਇਹ ਇਕ ਸੈਕਿੰਡ ਵਿਚ Million ਜਾਂ ਲੱਖਾਂ ਵਾਰੀ ਜਗਦੇ ਹਨ ਤੇ ਲੱਖਾਂ ਹੀ ਵਾਰੀ ਬੁੱਝਦੇ ਹਨ। ਜਾਂ ਦੂਸਰੇ ਲਫਜ਼ਾਂ ਵਿਚ ਐਓਂ ਆਖ ਲਵੋ ਕਿ ਇਹ ਲੱਖਾਂ ਵਾਰੀ ਉਪਜਦੇ ਹਨ ਅਤੇ ਲੱਖਾਂ ਵਾਰੀ ਇਨ੍ਹਾਂ ਦਾ ਵਿਨਾਸ਼ ਹੁੰਦਾ ਹੈ। ਟੈਲੀਵਿਜ਼ਨ ਦੇ gap ਵਾਂਗੂ, ਇਹ ਵਿਨਾਸ਼ ਤਾਂ ਸਾਨੂੰ ਨਜ਼ਰ ਨਹੀਂ ਆਉਂਦਾ ਕਿਉਂਕਿ ਵਿਨਾਸ਼ ਵੇਲੇ ਵਿਚਕਾਰ gap ਪੈਦਾ ਹੋ ਜਾਂਦਾ ਹੈ। ਸਿਰਫ ਉਪਜ, ਸਾਡੀ ਚੇਤੰਤਾ ਅੱਗੇ ਕਾਇਮ ਨਜ਼ਰ ਆਉਂਦੀ ਹੈ। ਨਤੀਜਾ ਇਹ ਹੁੰਦਾ ਹੈ ਕਿ ਕੁਦਰਤ ਦੀ ਮਸ਼ੀਨ ਉਤੇ *ਸੰਸਾਰ ਦੀ ਉਪਜ ਦਾ ਸੀਨ, ਇਕ ਲਗਾਤਾਰ ਹੋਂਦ ਦੇ ਰੂਪ ਵਿਚ ਸਾਡੇ ਸਾਹਮਣੇ ਰਹਿੰਦਾ ਹੈ।* ਜਿਵੇਂ ਟੈਲੀਵਿਜ਼ਨ ਦੀ ਤਸਵੀਰ ਦੀ ਹੋਂਦ ਕੋਈ ਨਹੀਂ ਹੁੰਦੀ ਸਿਰਫ ਨਜ਼ਰ ਹੀ ਆਉਂਦੀ ਹੈ, ਉਸੀ ਤਰ੍ਹਾਂ ਹੀ, ਸੰਸਾਰ ਦੀ ਠੋਸ ਹੋਂਦ ਤਾਂ ਕੋਈ ਨਹੀਂ ਹੈ ਪਰ ਮਾਇਆ ਦੇ ਭਰਮ ਭੁਲੇਖੇ ਦੇ ਕਾਰਨ ਨਜ਼ਰ ਆਉਂਦੀ ਹੈ। ਗੁਰਬਾਣੀ ਦਾ ਫੁਰਮਾਨ ਹੈ ਕਿ -

**ਇਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥**

***(ਪੰਨਾ 921)***

ਮਾਇਆ ਤਿੰਨ ਕੰਮ ਕਰਦੀ ਹੈ ਕਿ ਹਰੀ ਪ੍ਰਮਾਤਮਾ ਦੀ ਬੁਨਿਆਦੀ ਹਸਤੀ 'ਇਕ' ਤਾਂ ਸਾਨੂੰ ਵਿਸਰ ਜਾਂਦੀ ਹੈ। ਇਸ ਦੀ ਥਾਂਓ ਦੂਜਾ ਭਾਓ ਜਾਂ ਸੰਸਾਰ ਦੀ Duality, ਇਕ ਪੱਕੀ ਹੋਂਦ ਦੇ ਰੂਪ ਵਿਚ ਸਾਡੇ ਅੱਗੇ ਲਿਆ ਕੇ ਖੜ੍ਹੀ ਕਰ ਦਿੰਦੀ ਹੈ। ਅਸੀਂ ਦੂਜੇ ਭਾਵ, Duality ਜਾਂ ਸੰਸਾਰ ਨਾਲ ਮੋਹ ਦੇ ਜਾਲ ਵਿਚ ਫਸ ਜਾਂਦੇ ਹਾਂ। ਇਸੀ ਮਾਇਆ ਜਾਲ ਦੀ ਪੁਸ਼ਟੀ ਗੁਰਬਾਣੀ ਦੇ ਇਸ ਫੁਰਮਾਨ ਤੋਂ ਵੀ ਹੁੰਦੀ ਹੈ ਕਿ

**ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬੀਚਾਰਿ ॥**

***(ਪੰਨਾ 1186)***

ਇਥੇ ਹੁਣ ਤੁਸੀਂ ਇਕ ਸਵਾਲ ਕਰ ਸਕਦੇ ਹੋ ਕਿ ਜੇ 'ਜੱਗ' ਧੂੰਏ ਦਾ ਇਕ ਪਹਾੜ ਹੀ ਹੈ ਜੋ ਹਵਾ ਦੇ ਇਕ ਝੋਲੇ ਨਾਲ ਇਕ ਪਲ ਵਿਚ ਛਾਈਂ ਮਾਈਂ ਹੋ ਸਕਦਾ ਹੈ ਤਾਂ ਇਹ ਜੱਗ ਜਿਸ ਵਿਚ ਰਹਿ ਕੇ ਅਸੀਂ ਉਮਰਾਂ ਗੁਜ਼ਾਰ ਛੱਡੀਆਂ ਹਨ, ਆਖ਼ਰ ਇਹ ਹੈ ਕਿਆ ਤਮਾਸ਼ਾ ?

## ਤੁਝ ਬਿਨੁ ਦੂਜਾ ਕੋਈ ਨਾਹਿ

ਇਸ ਲੇਖ ਦੇ ਬਿਲਕੁਲ ਅਰੰਭ ਵਿਚ, ਚਾਰ ਪ੍ਰਮੁੱਖ ਮੱਤਾਂ ਦੇ ਧਰਮ ਗ੍ਰੰਥਾਂ ਦੇ ਹਵਾਲੇ ਨਾਲ ਅਰਜ਼ ਕੀਤਾ ਹੈ ਕਿ ਪੂਰੇ ਸੰਸਾਰ ਅੰਦਰ, ਇਕ ਹਸਤੀ ਤੋਂ ਇਲਾਵਾ ਹੋਰ ਕੋਈ ਦੂਸਰੀ ਹਸਤੀ ਨਹੀਂ ਹੈ, ਪਰ ਸੰਸਾਰ ਵਿਚ ਅਤਿ ਦੇ

ਵੱਖਰੇਵੇਂ ਨੂੰ ਦੇਖਦੇ ਹੋਏ ਇਸ ਹਕੀਕਤ ਨੂੰ 'ਇਕ ਹਸਤੀ' ਦੇ ਤੌਰ ਤੇ ਮੰਨਣਾ ਭਾਵੇਂ ਮੁਸ਼ਕਿਲ ਨਜ਼ਰ ਆਉਂਦਾ ਹੈ ਪਰ ਫੇਰ ਵੀ ਇਸ ਤੱਥ ਦੀ ਕੁਝ ਪੜਚੋਲ ਕਰਨੇ ਦੀ ਕੋਸ਼ਿਸ਼ ਕਰਦੇ ਹਾਂ ।

ਪਿਛੇ ਅਸੀਂ ਪੜ੍ਹ ਚੁੱਕੇ ਹਾਂ ਕਿ ਸੰਸਾਰ ਸਾਨੂੰ ਵੈਸਾ ਹੀ ਨਜ਼ਰ ਆਉਂਦਾ ਹੈ ਜੈਸੀ ਇਸ ਦੇ ਬਾਰੇ ਸਾਡੀ Conception ਜਾਂ ਧਾਰਨਾ ਬਣ ਚੁੱਕੀ ਹੈ । ਹੁਣ ਆਪਣੇ ਸਰੀਰ ਨੂੰ ਲੈ ਲਉ । ਜਿਸ ਤਰ੍ਹਾਂ ਇਸ ਸੰਸਾਰ ਵਿਚ ਬੇਅੰਤ ਜੀਵਾਂ ਦਾ ਵਾਸਾ ਹੈ ਉਸੀ ਤਰ੍ਹਾਂ ਹੀ ਸਾਡੇ ਸਰੀਰ ਅੰਦਰ ਵੀ ਬੇਅੰਤ ਜੀਵਾਣੂ ਜਾਂ ਕੀਟਾਣੂ ਵਸਦੇ ਹਨ । ਇਨ੍ਹਾਂ ਜਵਾਣੂਆਂ ਦੀਆਂ ਸਾਡੇ ਸਰੀਰ ਅੰਦਰ ਵੱਖੋਂ ਵੱਖ Colonies ਜਾਂ ਬਸਤੀਆਂ ਹਨ । ਸਾਡੇ ਸਰੀਰ ਅੰਦਰ ਬਹੁਤ ਸਾਰੀ ਥਾਂ ਖਾਲੀ ਵੀ ਪਈ ਹੈ । ਤੁਸੀਂ ਆਖੋਗੇ ਖਾਲੀ ਥਾਂ ਕਿਥੇ ? ਅਸੀਂ ਸਵਾਸ ਲੈਂਦੇ ਹਾਂ । ਅੰਦਰ ਖਾਲੀ ਥਾਂ ਹੈ ਤਾਂ ਸਵਾਸ ਅੰਦਰ ਜਾਂਦਾ ਹੈ । ਖਾਣਾ ਖਾਂਦੇ ਹਾਂ, ਪਾਣੀ ਪੀਂਦੇ ਹਾਂ, ਅੰਦਰ ਖਾਲੀ ਥਾਂ ਹੈ ਤਾਂ ਖਾਣਾ ਜਾਂ ਪਾਣੀ ਅੰਦਰ ਜਾਂਦਾ ਹੈ । ਸਾਡੀ ਨਜ਼ਰ ਵਿਚ ਇਹ ਬਿਲਕੁਲ ਥੋੜ੍ਹੀ ਜਿਹੀ ਥਾਂ ਹੈ, ਪਰ ਜੋ ਜੀਵਾਣੂ ਸਾਡੇ ਅੰਦਰ ਵਸਦੇ ਹਨ ਉਨ੍ਹਾਂ ਨੂੰ ਤਾਂ ਇਹ ਬਹੁਤ ਵੱਡੇ ਪੁਲਾੜ ਨਜ਼ਰ ਆਉਂਦੇ ਹੋਣਗੇ । ਉਨ੍ਹਾਂ ਦੀਆਂ ਨਜ਼ਰਾਂ ਵਿਚ ਤਾਂ ਸਾਡਾ ਸਰੀਰ, ਉਨ੍ਹਾਂ ਜੀਵਾਣੂਆਂ ਲਈ ਇਕ ਪੂਰਾ ਸੰਸਾਰ ਹੈ । ਹਕੀਕਤ ਇਹ ਹੈ ਕਿ ਸਾਡੇ ਸਰੀਰ ਵਿਚ ਨਾ ਕੋਈ ਪੁਲਾੜ ਹੈ ਅਤੇ ਨਾ ਸਰੀਰ ਦੇ ਵੱਖੋ ਵੱਖ ਟੁਕੜੇ ਹਨ । ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਸਾਡਾ ਸਾਰਾ ਵਜੂਦ ਸਿਰਫ ਇਕ ਹੈ । ਇਸੀ ਤਰ੍ਹਾਂ ਹੀ ਅਸੀਂ ਇਸ ਸੰਸਾਰ ਨੂੰ ਵੱਖੋ ਵੱਖ ਰੂਪਾਂ ਵਿਚ ਦੇਖਦੇ ਹਾਂ । *ਇਹ ਸੰਸਾਰ ਰੂਪੀ ਵਰਾਟ ਸਰੀਰ, ਇਕ ਦੀ ਥਾਂ ਅਨੇਕ ਪ੍ਰਤੀਤ ਹੁੰਦਾ ਹੈ ।*

ਸਾਡੀ ਆਵਾਜ਼ ਦੂਸਰੇ ਦੇ ਕੰਨਾਂ ਤੱਕ ਹਵਾ ਦੇ ਮਧਿਅਮ ਦੁਆਰਾ ਪਹੁੰਚਦੀ ਹੈ । ਹਵਾ ਨਾ ਹੋਵੇ ਤਾਂ ਆਵਾਜ਼ ਦੂਸਰੇ ਤੱਕ ਪਹੁੰਚਦੀ ਹੀ ਨਹੀਂ । ਇਸ ਦਾ ਅਰਥ ਇਹ ਹੋਇਆ ਕਿ ਬੋਲਣ ਵਾਲਾ ਅਤੇ ਸੁਨਣੇ ਵਾਲਾ, ਦੋਨੋਂ ਹੀ ਹਵਾ ਦੇ ਮਾਧਿਅਮ ਦੁਆਰਾ ਆਪੋ ਵਿਚ ਜੁੜੇ ਹੋਏ ਹਨ । ਜਿਥੋਂ ਤੱਕ ਧਰਤੀ ਦੇ ਗਿਰਦ ਹਵਾ ਹੈ, ਉਥੋਂ ਤੱਕ ਅਸੀਂ ਸਭ ਆਪੋ ਵਿਚ ਜੁੜੇ ਹੋਏ ਹਾਂ ਉਥੇ ਤੱਕ ਸਾਡੇ ਵਿਚ ਕੋਈ ਵਿਥ ਨਹੀਂ ਹੈ । ਹਵਾ ਧਰਤੀ ਦੇ ਗਿਰਦ ਸਿਰਫ ਕੋਈ ਡੇਢ ਕੁ ਸੋ ਮੀਲ ਤੱਕ ਹੀ ਹੈ । Gravitation Force ਸਾਨੂੰ ਸੈਂਕੜੇ ਨਹੀਂ ਹਜ਼ਾਰਾਂ ਮੀਲਾਂ ਤੱਕ ਖਿਚ ਕੇ ਧਰਤੀ ਤੇ ਸੁੱਟ ਲੈਂਦੀ ਹੈ । Gravitation Force ਅਤੇ ਸਾਡੇ ਵਿਚ ਕੋਈ ਸੰਬੰਧ ਹੈ ਤਾਂ ਹੀ ਸਾਨੂੰ ਖਿੱਚ ਲੈਂਦੀ ਹੈ। ਸੋ ਜਿਥੋਂ ਤੱਕ Gravitation Force ਹੈ, ਉਥੋਂ ਤੱਕ ਹਰ ਇਕ ਸ਼ੈ ਇਕ ਦੂਸਰੇ ਨਾਲ ਜੁੜੀ ਹੋਈ ਹੈ। ਪਲੈਟੂ ਗ੍ਰਹਿ ਸੂਰਜ ਤੋਂ ਕੋਈ ਤਿੰਨ ਅਰਬ ਮੀਲ ਦੇ ਫਾਸਲੇ ਤੇ ਹੈ । ਸੂਰਜ ਦੀ Gravitation Force ਨੇ ਪਲੈਟੂ ਸਮੇਤ ਨੌਂ ਗ੍ਰੈਹਾਂ ਨੂੰ ਸੂਰਜ ਦੇ ਗਿਰਦ ਚੱਕਰ ਕੱਟਣ ਲਾਇਆ ਹੋਇਆ ਹੈ । ਪੂਰੇ ਦਾ ਪੂਰਾ ਸੂਰਜ ਮੰਡਲ ਆਪੋ ਵਿਚ ਇਸ ਫੋਰਸ ਦੇ ਮਾਧਿਅਮ ਨਾਲ ਜੁੜਿਆ ਹੋਇਆ ਹੈ । ਇਸ ਲਈ ਪੂਰਾ ਸੂਰਜ ਮੰਡਲ ਇਕ ਵਜੂਦ ਹੈ । ਸਾਡੀ Milky Way ਨਾਮੇ galaxy ਦਾ ਆਕਾਰ ਇਕ ਲੱਖ ਪ੍ਰਕਾਸ਼ ਵਰ੍ਹੇ (ਇਕ ਪ੍ਰਕਾਸ਼ ਵਰ੍ਹਾ=ਅਠਵੰਜਾ ਖਰਬ, ਅੱਸੀ ਅਰਬ ਮੀਲ) ਹੈ । ਇਸ ਵਿਚ <u>ਇਕ ਖਰਬ</u> ਸੂਰਜ ਮੰਡਲ ਹਨ ਜੋ Gravitation ਸ਼ਕਤੀ ਦੁਆਰਾ, galaxy ਦੇ ਧੁਰੇ ਦੇ ਗਿਰਦ ਚੱਕਰ ਕਟਦੇ ਹਨ । ਇਸ ਦਾ ਅਰਥ ਇਹ ਹੋਇਆ ਕਿ ਇਹ ਇਕ ਖਰਬ (One hundred billion) ਸੂਰਜ ਮੰਡਲ ਆਪੋ ਵਿਚ ਜੁੜੇ ਹੋਏ ਹਨ । ਇਸ ਲਈ ਪੂਰੀ galaxy ਇਕ ਵਜੂਦ ਹੈ ।

ਸੰਸਾਰ ਵਿਚ ਇਕ ਹੋਰ ਸ਼ਕਤੀ ਕੰਮ ਕਰਦੀ ਹੈ, ਜਿਸ ਦਾ ਨਾਮ ਪ੍ਰਾਣ ਸ਼ਕਤੀ ਹੈ । ਜਿਸ ਨੂੰ ਆਮ ਤੋਰ ਤੇ life force ਵੀ ਆਖਦੇ ਹਨ । ਚੀਨੀ ਲੋਕ ਇਸ ਨੂੰ 'ਕੀ' ਜਾਂ 'ਚੀ' ਮਿਸਰ ਦੇ ਲੋਕ 'ਕਾ', Mesmer ਇਸ ਨੂੰ Animal Megnetism, ਸਵਾਮੀ ਯੋਗਾਨੰਦ Liftrones ਅਤੇ ਸਵਾਮੀ ਰਜਨੀਸ਼ ਇਸ ਨੂੰ ਪ੍ਰਾਣ ਸ਼ਕਤੀ ਵੀ ਆਖਦਾ ਹੈ ਤੇ Megnetism ਵੀ ਆਖਦਾ ਹੈ । ਇਹ ਫੋਰਸ ਇਕ ਐਸੀ ਫੋਰਸ ਹੈ ਜੋ ਪੂਰੇ ਹੀ ਸੰਸਾਰ ਵਿਚ ਮੋਜੂਦ ਹੈ । ਇਸ ਦੇ ਮਧਿਆਮ ਨਾਲ ਪੂਰਾ ਸੰਸਾਰ ਆਪੋ ਵਿਚ ਜੁੜਿਆ ਹੋਇਆ ਹੈ । ਕੋਈ ਵੀ ਐਸਾ ਵਜੂਦ ਨਹੀਂ ਹੈ ਜੋ ਇਸ ਸ਼ਕਤੀ ਦੇ ਸੰਪਰਕ ਤੋਂ ਬਾਹਰ ਹੋਵੇ । ਚੂੰਕਿ ਪੂਰਾ ਸੰਸਾਰ ਆਪੋ ਵਿਚ ਜੁੜਿਆ ਹੋਇਆ ਹੈ, ਇਸ ਲਈ ਪੂਰੇ ਦਾ ਪੂਰਾ ਸੰਸਾਰ, ਇਕ ਵਰਾਟ ਸਰੀਰ ਹੈ। ਚੂੰਕਿ ਪੂਰਾ ਸੰਸਾਰ ਪ੍ਰਾਣ ਸ਼ਕਤੀ ਦੁਆਰਾ ਆਪੋ ਵਿਚ ਜੁੜਿਆ ਹੋਇਆ

ਹੈ, ਪ੍ਰਾਣ ਸ਼ਕਤੀ life force ਹੈ, ਜੀਉਂਦੀ ਜਾਗਦੀ ਸ਼ਕਤੀ ਹੈ, ਇਸ ਲਈ ਪੂਰਾ ਸੰਸਾਰ ਇਕ ਜੀਉਂਦਾ ਜਾਗਦਾ ਵਰਾਟ ਸਰੂਪ ਹੈ। ਇਸੀ ਤੱਥ ਦੀ ਪੁਸ਼ਟੀ ਲਈ ਕੁਝ ਸਾਇੰਸਦਾਨਾਂ ਦਾ ਵਿਚਾਰ ਪੇਸ਼ ਖ਼ਿਦਮਤ ਹੈ।

ਸ੍ਰੀਮਤੀ ਸ਼ਿਰਲੀ ਮੈਕਲਿਨ ਆਪਣੀ ਪੁਸਤਕ 'Going with in' ਵਿਚ ਲਿਖਦੀ ਹੈ ਕਿ "Each and every cell in our bodies, is reacting to electromegnetic information from the Universe at every-moment. We are all, every thing, <u>is connected</u>" ਭਾਵ ਸਾਡੇ ਸਰੀਰ ਦਾ ਹਰ ਇਕ ਸੈਲ, ਹਰ ਛਿਨ ਵਿਸ਼ਵ ਦੀ electromegnetic force ਦਾ ਅਸਰ ਕਬੂਲ ਕਰ ਰਿਹਾ ਹੈ। ਅਸੀਂ ਸਾਰੇ ਅਤੇ ਹਰ ਇਕ ਸ਼ੈ ਆਪੋ ਵਿਚ ਜੁੜੇ ਹੋਏ ਹਾਂ।

The Life and Times of a modern witch by Janet and Stewart Farrer. '.... We see the cosmos as being like one great organism'. ਭਾਵ ਅਸੀਂ ਸੰਸਾਰ ਨੂੰ *ਇਕ ਬਹੁਤ ਵੱਡੇ, ਜੀਉਂਦੇ ਜਾਗਦੇ ਰੂਪ* ਵਜੋਂ ਦੇਖਦੇ ਹਾਂ।

ਸ੍ਰੀਮਤੀ ਦਾਨਾਹ, ਪੁਸਤਕ 'Women in search of the sacred' ਵਿਚ ਲਿਖਦੀ ਹੈ ਕਿ 'So the physicist is telling us that we live in an *intangled Universe*. In some sence, that space that seems to be between us and every thing else is an illusion.' ਭਾਵ ਸਾਇੰਸਦਾਨ ਸਾਨੂੰ ਦੱਸਦੇ ਹਨ ਕਿ ਅਸੀਂ ਇਕ ਉਲਝੇ ਹੋਏ ਵਿਸ਼ਵ ਵਿਚ ਰਹਿੰਦੇ ਹਾਂ। **Space (ਪੁਲਾੜ)** ਜੋ ਸਾਡੇ ਅਤੇ ਹਰ ਸ਼ੈ ਦੇ ਵਿਚਕਾਰ ਪ੍ਰਤੀਤ ਹੁੰਦਾ ਹੈ, ਇਕ ਤਰ੍ਹਾਂ ਨਾਲ, ਇਕ ਬਹੁਤ ਵੱਡਾ ਭੁਲੇਖਾ ਹੈ। ··"After all there is one reality and we are all part of it." ਭਾਵ ਆਖ਼ਰਕਾਰ ਇਥੇ ਸਿਰਫ਼ ਇਕ ਹਕੀਕਤ ਹੈ, ਜਿਸ ਦੇ ਅਸੀਂ ਸਾਰੇ ਹੀ ਅੰਗ ਹਾਂ। "So my influence and your influence extends every where and in doing so is entangled with every thing else in the Universe. We live in a world inter connected." ਭਾਵ ਮੇਰਾ ਅਤੇ ਤੁਹਾਡਾ ਅਸਰ, ਹਰ ਕਿਸੀ ਤੇ ਪੈਂਦਾ ਹੈ ਜਿਸ ਦੇ ਕਾਰਨ ਵਿਸ਼ਵ ਦੀ ਹਰ ਸ਼ੈ, ਇਕ ਦੂਸਰੇ ਨਾਲ ਆਪੋ ਵਿਚ ਉਲਝੀ ਹੋਈ ਹੈ। ਅਸੀਂ ਇਕ ਐਸੇ ਸੰਸਾਰ ਵਿਚ ਰਹਿੰਦੇ ਹਾਂ ਜਿਥੇ ਹਰ ਸ਼ੈ ਆਪੋ ਵਿਚ ਜੁੜੀ ਹੋਈ ਹੈ। "So our whole world is unified" ਭਾਵ ਸਾਡਾ ਸਾਰਾ ਸੰਸਾਰ ਆਪੋ ਵਿਚ ਜੁੜਿਆ ਹੋਇਆ ਹੈ।

ਕਿਆ ਸਾਨੂੰ ਇਸ (੧) ਵਰਾਟ ਸਰੀਰ ਬਾਰੇ ਇਤਨੀ ਜਾਣਕਾਰੀ ਹਾਸਿਲ ਕਰ ਲੈਣਾ ਹੀ ਕਾਫ਼ੀ ਹੈ ਜਾਂ ਕੁਝ ਹੋਰ ਵੀ ਸਮਝਣ ਸੋਚਣ ਦੀ ਲੋੜ ਹੈ ? ਹੁਣ ਤੱਕ ਉਪਰ ਜੋ ਵੀ ਲਿਖਿਆ ਜਾਂ ਪੜ੍ਹਿਆ ਹੈ, ਇਹ ਸਭ ਕੁਝ ਦਮਾਗੀ ਜਾਂ Intellectual ਪੱਧਰ ਦੀ ਜਾਣਕਾਰੀ ਹੈ। ਵੀਹਵੀਂ ਸਦੀ ਦੇ ਸੰਸਾਰ ਪ੍ਰਸਿੱਧ ਸਾਇੰਸਦਾਨ ਅਲਬਰਟ ਆਇਨ ਸਟਾਈਨ ਦਾ ਕਥਨ ਹੈ, ਕਿ Experience is knowledge. Every thing else is information. ਅਸੀਂ ਅਕਾਲ ਪੁਰਖ ਦੇ ਵਰਾਟ ਸੂਖਸ਼ਮ ਸਰੀਰ ਨੂੰ ਆਪਣੇ ਅਨੁਭਵ ਦੇ ਨੇਤ੍ਰਾਂ ਦੁਆਰਾ ਤਾਂ ਦੇਖਿਆ ਨਹੀਂ। Experience ਤਾਂ ਨਹੀਂ ਕੀਤਾ, ਇਸ ਲਈ ਇਹ ਸਾਰੀ ਜਾਣਕਾਰੀ, Infromation ਹੈ, Knowledge (ਗਿਆਨ) ਨਹੀਂ।

## ਭਾਇ ਦੂਜਾ ਲਾਇਆ ॥

ਜਿਵੇਂ ਅਸੀਂ ਇਸੇ ਲੇਖ ਵਿਚ ਪੜ੍ਹਿਆ ਹੈ ਕਿ ਮਾਇਆ ਤਿੰਨ ਕੰਮ ਕਰਦੀ ਹੈ। ਹਰੀ ਪ੍ਰਮਾਤਮਾ ਸਾਨੂੰ ਵਿਸਰ ਜਾਂਦਾ ਹਾਂ। ਹਰੀ ਪ੍ਰਮ-ਆਤਮਾ ਦੀ ਥਾਂ, ਦੂਜਾ ਭਾਓ, Duality ਜਾਂ gllusion ਦੇ ਜ਼ਰੀਏ, 'ਹਰੀ' ਨੂੰ ਸੰਸਾਰ ਦਾ ਰੂਪ ਦੇ ਕੇ ਸਾਡੇ ਸਾਹਮਣੇ ਲਿਆ ਖੜਾ ਕਰਦੀ ਹੈ। ਫੇਰ ਇਸੀ ਸੰਸਾਰ ਨਾਲ ਮੋਹ ਪਾ ਦੇਣਾ ਇਸ ਮਾਇਆ ਦਾ ਕੰਮ ਹੈ। ਜਿਤਨੀ ਦੇਰ ਤੱਕ ਅਸੀਂ ਸੰਸਾਰ ਵਿਚ ਵਿਚਰਦੇ ਹਾਂ ਉਤਨੀ ਦੇਰ ਤੱਕ ਅਸੀਂ Duality ਜਾਂ illusion ਦਾ ਸ਼ਿਕਾਰ ਹੋਏ ਹੁੰਦੇ ਹਾਂ। ਸੋ ਹੁਣ ਤੱਕ ਅਸੀਂ, ਮਾਇਆ ਦੇ ਚੱਕਰ ਵਿਚ ਹੀ ਫਸੇ ਹੋਏ ਹਾਂ।

ਅਕਾਲ ਪੁਰਖ ਦੇ ਦਰਸ਼ਨ, ਇਸ ਦੇ ਅਸਲੀ ਰੂਪ ਵਿਚ ਕਿਵੇਂ ਹੋਣ ? ਇਹ ਇਕ ਬਹੁਤ ਜ਼ਰੂਰੀ ਸਵਾਲ ਹੈ

ਇਸ ਤੇ ਪੂਰੀ ਤਰ੍ਹਾਂ ਵਿਚਾਰ ਪੇਸ਼ ਕਰਨਾ, ਇਸ ਛੋਟੇ ਜਿਹੇ ਲੇਖ ਵਿਚ ਮੁਸ਼ਕਿਲ ਹੈ। ਸੰਖੇਪ ਜੇਹਾ ਹੀ ਜ਼ਿਕਰ ਪੇਸ਼ ਹੈ। ਗੁਰਬਾਣੀ ਦਾ ਫੁਰਮਾਨ ਹੈ ਕਿ –

**ਦਸਵੈ ਦੁਆਰਿ ਕੁੰਚੀ ਜਬ ਦੀਜੈ ਤਉ ਦਇਆਲ ਕਉ ਦਰਸਨੁ ਕੀਜੈ ॥**

*(ਪੰਨਾ 341)*

ਇਸ ਫੁਰਮਾਨ ਦਾ ਸੰਖੇਪ ਵਿਚ ਭਾਵ ਹੈ ਕਿ ਦਸਮ-ਦੁਆਰ ਖੁੱਲ੍ਹਣ ਤੇ 'ਦਇਆਲ' ਜੀ ਜਾਂ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ। ***ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ॥'*** (ਪੰ: 1375) ਰਾਮ ਪਿਆਰੇ ਦੇ ਦਰਸ਼ਨ ਜੋਤਿ ਦੇ ਰੂਪ ਵਿਚ ਹੁੰਦੇ ਹਨ। ਭਾਈ ਗੁਰਦਾਸ ਜੀ ਆਪਣੀ ਲਿਖੀ ਵਾਰਾਂ ਵਿਚ ਵਾਰ ਨੰ: 12 ਵਿਚ ਲਿਖਦੇ ਹਨ ਕਿ –

**ਨਿਰੰਕਾਰ ਆਕਾਰ ਕਰ ਜੋਤਿ ਸਰੂਪ ਅਨੂਪ ਦਖਾਯਾ ॥**
**ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸ਼ਬਦ ਸੁਣਾਯਾ ॥**

ਭਾਵ ਇਹ ਕਿ ਅਕਾਲ ਪੁਰਖ ਦਾ ਜਦੋਂ ਕੋਈ ਰੂਪ ਰੰਗ, ਰੇਖ ਭੇਖ ਜਾਂ ਕੋਈ ਆਕਾਰ ਨਹੀਂ ਹੁੰਦਾ ਤਾਂ ਉਸ ਹਾਲਤ ਵਿਚ ਉਸ ਨੂੰ 'ਨਿਰੰਕਾਰ' ਆਖਦੇ ਹਾਂ। ਜਦੋਂ ਨਿਰੰਕਾਰ ਆਕਾਰ ਧਾਰਦਾ ਹੈ, ਤਾਂ ਉਸ ਦਾ ਆਕਾਰੀ ਰੂਪ ਜੋਤਿ ਦੀ ਸ਼ਕਲ ਵਿਚ ਨਜ਼ਰ ਆਉਂਦਾ ਹੈ। ਇਸੀ ਲਈ ਅਕਾਲ ਪੁਰਖ ਨੂੰ ਜੋਤੀ ਸਰੂਪ ਆਖਦੇ ਹਨ। ਉਸੀ ਜੋਤੀ ਸਰੂਪ ਵਿਚੋਂ 'ਵਾਹਿਗੁਰੂ' ਸ਼ਬਦ ਦੀ ਆਵਾਜ਼ ਵੀ ਸੁਣਾਈ ਦਿੰਦੀ ਹੈ। ਸ਼ਬਦ, 'ਆਕਾਰ' ਤੋਂ ਕੁਝ ਭੁਲੇਖਾ ਲੱਗਣ ਦਾ ਡਰ ਹੈ। ਇਸ ਲਈ ਲਫਜ਼ 'ਆਕਾਰ' ਨੂੰ ਜ਼ਰਾ ਸਪੱਸ਼ਟ ਕਰਨ ਦੀ ਲੋੜ ਹੈ। ਯਾਦ ਰਹੇ ਕਿ 'ਵਾਹਿਗੁਰੂ' ਸ਼ਬਦ ਨੂੰ 'ਨਾਮ' ਵੀ ਕਹਿੰਦੇ ਹਾਂ।

ਇਥੇ ਸ਼ਬਦ 'ਆਕਾਰ' ਤੋਂ ਇਹ ਭੁਲੇਖਾ ਲੱਗਣ ਦਾ ਡਰ ਹੈ ਕਿ 'ਨਿਰੰਕਾਰ' ਦਾ ਵਜੂਦ ਹੋਰ ਹੈ ਤੇ ਆਕਾਰ ਧਾਰਨ ਕਰ ਕੇ, ਦੂਸਰੇ ਵਜੂਦ 'ਜੋਤਿ' ਵਿਚ ਪਲਟੀ ਹੁੰਦਾ ਹੈ। ਅਗੋਂ ਜੋਤਿ ਵਿਚੋਂ 'ਨਾਮੁ' ਦੀ ਰਚਨਾ ਹੋ, ਤੀਸਰਾ ਸਰੂਪ ਧਾਰਦਾ ਹੈ। ਪਰ ਇਹ ਐਸਾ ਨਹੀਂ ਹੈ। ਇਸ ਹਕੀਕਤ ਨੂੰ ਇਸ ਮਿਸਾਲ ਦੀ ਮਦਦ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਕੋਈ ਵਜੂਦ ਜਾਂ ਹਸਤੀ ਆਪਣੇ ਆਪ ਨੂੰ ਇਕ ਵੱਡੀ ਸਾਰੀ ਚਾਦਰ ਦਾ ਝੁੰਗਲ-ਮਾਟਾ ਕਰਕੇ, ਆਪਣੇ ਆਪ ਨੂੰ ਛੁਪਾ ਕੇ ਬੈਠਾ ਹੈ। ਬਾਹਰ ਤੋਂ ਉਸ ਦੀ ਕੋਈ ਸ਼ਕਲੋ ਸੂਰਤ ਜਾਂ ਅੰਗ ਨਜ਼ਰ ਨਹੀਂ ਆਉਂਦਾ। ਉਸ ਦਾ ਹੋਰ ਵੀ ਕਿਸੀ ਆਕਾਰ ਦਾ ਥਹੁ ਪਤਾ ਨਹੀਂ ਲੱਗਦਾ। ਇਸ ਲਈ, ਇਸ ਝੁੰਗਲ-ਮਾਟੇ ਦੇ ਅੰਦਰ ਬੰਦ ਆਕਾਰ ਨੂੰ ਨਿਰ-ਆਕਾਰ ਜਾਂ 'ਨਿਰੰਕਾਰ' ਆਖਦੇ ਹਾਂ। ਜਦੋਂ ਨਿਰੰਕਾਰ ਆਪਣੇ ਉਪਰੋਂ ਚਾਦਰ ਉਤਾਰ ਕੇ ਪਰੇ ਰੱਖ ਦਿੰਦਾ ਹੈ, ਅਸੀਂ ਨਿਰੰਕਾਰ ਵੱਲ ਅੱਖ ਚੁੱਕ ਕੇ ਦੇਖਦੇ ਹਾਂ ਤਾਂ ਨਿਰੰਕਾਰ ਦਾ ਵਜੂਦ ਪੂਰੇ ਦਾ ਪੂਰਾ ਜੋਤਿ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਹੁਣ ਉਸ ਨੂੰ ਨਿਰੰਕਾਰ ਨਹੀਂ ਆਖਦੇ 'ਜੋਤਿ ਸਰੂਪ' ਆਖਦੇ ਹਾਂ। ਜਦੋਂ 'ਜੋਤਿ ਸਰੂਪ' ਵੱਲ ਕੰਨ ਦੇ ਕੇ ਸੁਣਦੇ ਹਾਂ ਤਾਂ ਉਸ ਵਿਚੋਂ 'ਵਾਹਿਗੁਰੂ' ਸ਼ਬਦ ਦੀ ਆਵਾਜ਼, ਜਿਸ ਨੂੰ 'ਨਾਮ' ਵੀ ਆਖਦੇ ਹਨ, ਸੁਣਾਈ ਦਿੰਦੀ ਹੈ। ਹੁਣ ਤੁਸੀਂ ਦੇਖ ਲਿਆ ਹੈ ਕਿ ਵਜੂਦ ਤਾਂ ਤਿੰਨਾਂ ਹੀ ਹਾਲਤਾਂ ਵਿਚ ਸਿਰਫ 'ਇਕ' ਹੈ। ਛੁਪਿਆ ਹੋਇਆ ਸੀ ਤਾਂ ਨਿਰੰਕਾਰ ਸੀ। ਪ੍ਰਗਟ ਹੋ ਗਿਆ ਤਾਂ ਜੋਤਿ ਸਰੂਪ ਹੈ। ਜੋਤੀ ਸਰੂਪ ਵੱਲ ਕੰਨ ਦੇ ਕੇ ਸੁਣਦੇ ਹਾਂ ਤਾਂ ਉਸ ਵਿਚੋਂ 'ਵਾਹਿਗੁਰੂ' ਸ਼ਬਦ ਦੀ ਆਵਾਜ਼ ਸੁਣਾਈ ਦਿੰਦੀ ਹੈ, ਜਿਸ ਨੂੰ ਨਾਮ ਵੀ ਆਖਦੇ ਹਾਂ।

ਜੋਤਿ ਅਤੇ ਵਾਹਿਗੁਰੂ ਸ਼ਬਦ ਦੀ ਆਵਾਜ਼, ਨਾਮ, ਪਹਿਲਾਂ ਦਸਮ-ਦੁਆਰ ਵਿਖੇ ਪ੍ਰਗਟ ਹੁੰਦੇ ਹਨ। ਉਸ ਤੋਂ ਬਾਅਦ, ਜੋਤਿ ਅਤੇ ਨਾਮ ਪੂਰੇ ਸਰੀਰ ਵਿਚ ਫੈਲਦਾ ਹੈ। ਉਪਰੰਤ ਪੂਰੇ ਸੰਸਾਰ ਦੇ ਜ਼ੱਰੇ ਜ਼ੱਰੇ ਤੱਕ ਫੈਲ ਜਾਂਦਾ ਹੈ। ਸੰਸਾਰ ਦਾ ਕੋਈ ਵੀ ਕਣ, ਜੋਤਿ ਅਤੇ ਨਾਮ ਤੋਂ ਖਾਲੀ ਨਹੀਂ ਰਹਿੰਦਾ। ਇਸ ਪਦ ਪ੍ਰਗ ਕੇ ਮਾਇਆ ਦਾ ਉਹ ਭੁਲੇਖਾ illusion ਜਾਂ Duality ਜਿਸ ਕਾਰਨ, ਅਕਾਲ ਪੁਰਖ ਜੋਤਿ ਅਤੇ ਨਾਮ ਦੀ ਥਾਂ, ਅਤਿ ਦੇ ਵੱਖਰੇਵੇਂ ਵਾਲੇ ਸੰਸਾਰ ਦੇ ਰੂਪ ਵਿਚ ਨਜ਼ਰ ਆਉਂਦਾ ਸੀ, ਉਹ ਭੁਲੇਖਾ ਜਾਂ ਭਰਮ ਦਾ ਜਾਲ ਟੁੱਟ ਜਾਂਦਾ ਹੈ। ਇਸ ਦੀ ਥਾਂ ਅਕਾਲ ਪੁਰਖ ਦੇ ਅਸਲ ਸਰੂਪ ਜੋਤਿ ਅਤੇ ਨਾਮੁ ਦਾ ਹੜ੍ਹ ਆ ਜਾਂਦਾ ਹੈ ਜਾਂ ਸਮੁੰਦਰ ਛੱਲਾਂ ਮਾਰਦਾ ਹੈ। ਜੋਤਿ ਅਤੇ

ਨਾਮੁ ਦੇ ਇਸ ਹੜ੍ਹ ਦੇ ਅੱਗੇ, ਸੰਸਾਰ ਇਸ ਤਰ੍ਹਾਂ ਗੁੰਮ ਹੋ ਕੇ ਰਹਿ ਜਾਂਦਾ ਹੈ ਜਿਵੇਂ ਗਧੇ ਦੇ ਸਿਰ ਤੋਂ ਸਿੰਗ। (ਮੁਆਫ਼ ਕਰਨਾ, ਇਹ ਤੁਲਨਾ ਜਾਂ ਤਸਬੀਹ ਕੁਝ ਚੰਗੀ ਤਾਂ ਨਹੀਂ ਲੱਗਦੀ ਪਰ ਹਕੀਕਤ ਨੂੰ ਸਮਝਣ ਲਈ ਜ਼ਰਾ ਢੁੱਕਵੀਂ ਲੱਗਦੀ ਹੈ)। ਗੁਰਬਾਣੀ ਦੇ ਇਸ ਫ਼ੁਰਮਾਨ ਅਨੁਸਾਰ, ਹਾਲਤ ਇਹ ਹੁੰਦੀ ਹੈ ਕਿ –

**ਜੋ ਪੇਖਾ ਸੋ ਸਭੁ ਕਿਛ ਸੁਆਮੀ ॥ ਜੋ ਸੁਨਣਾ ਸੋ ਪ੍ਰਭ ਕੀ ਬਾਣੀ ॥**

*(ਪੰਨਾ 1080)*

## ਸਾਰੇ ਲੇਖ ਦਾ ਸਾਰ ਅੰਸ਼ ਇਸ ਪ੍ਰਕਾਰ ਹੈ :

(1) ਸੰਸਾਰ, ਸਾਡੇ concept, ਧਾਰਨਾ ਜਾਂ ਵਿਚਾਰਾਂ ਦੀ ਉਪਜ ਹੈ। ਜੇਹੋ ਜੇਹੀ ਸਾਡੀ ਸੋਚ, ਉਹੋ ਜੇਹਾ ਸੰਸਾਰ, ਸਾਨੂੰ ਪ੍ਰਤੀਤ ਹੁੰਦਾ ਹੈ।

(2) ਸੰਸਾਰ ਦੇ ਅੰਦਰ ਕੋਈ ਠੋਸ ਪਦਾਰਥ ਨਹੀਂ ਹੈ।

(3) ਸੰਸਾਰ ਅੰਦਰ, ਹਰ ਇਕ ਸ਼ੈ, ਹਰ ਦੂਸਰੀ ਸ਼ੈ ਨਾਲ ਜੁੜੀ ਹੋਈ ਹੈ, Inter-linked, connected, entangled ਜਾਂ Unified ਹੈ. There is no separation.

(4) ਸੰਸਾਰ ਇਕ ਜੀਉਂਦੀ ਜਾਗਦੀ, ਪੂਰਨ ਸ਼ਕਤੀ ਹੈ। ਇਸ ਨੂੰ ਕੋਈ ਅੱਲ੍ਹਾ, ਖ਼ੁਦਾ ਜਾਂ god ਆਖਦਾ ਹੈ, ਅਤੇ ਕੋਈ ਬ੍ਰਹਮ, ਪਰਮ-ਆਤਮਾ ਜਾਂ ਵਾਹਿਗੁਰੂ ਦੇ ਨਾਮ ਨਾਲ ਪੁਕਾਰਦਾ ਹੈ।

(5) ਇਹ ਜਗਤ, ਇਸੀ 'ਪੂਰਨ ਸ਼ਕਤੀ' ਦੀ ਛਾਇਆ ਮਾਇਆ ਜਾਂ illusion ਹੈ।

**ਆਪੇ ਮਾਇਆ, ਆਪੇ ਛਾਇਆ ॥**

*(ਪੰਨਾ 125)*

**ਆਪਣੀ ਮਾਇਆ ਆਪਿ ਪਸਾਰੀ ਆਪਹਿ ਦੇਖਣਹਾਰਾ ॥**

*(ਪੰਨਾ 537)*

(6) ਇਨ੍ਹਾਂ ਉਪਰ ਦਿੱਤੇ ਸਾਰੇ ਤੱਤਾਂ ਦਾ ਪਰਮ ਤੱਤ ਇਹ ਹੈ ਕਿ

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ, ਗੋਬਿੰਦ ਬਿਨੁ ਨਹੀਂ ਕੋਈ ॥**

● – ●

**– ਸਮਾਪਤ –**

# ਸਿੱਖ ਸੇਵਕ ਸੁਸਾਇਟੀ

ਇੰਟਰਨੈਸ਼ਨਲ ਵੱਲੋਂ

# ਲੋੜਵੰਦਾਂ ਦੀ ਸਹਾਇਤਾ ਤੇ ਸਿੱਖੀ ਦਾ ਪ੍ਰਚਾਰ

ਗਰੀਬਾਂ, ਲੋੜਵੰਦਾਂ, ਅਪਾਹਿਜਾਂ ਦੀ ਮਦਦ ਵਾਸਤੇ ਸਿੱਖ ਸੇਵਕ ਸੁਸਾਇਟੀ ਪਿਛਲੇ ਪੰਜ ਛੇ ਸਾਲਾਂ ਤੋਂ ਕੰਮ ਕਰਦੀ ਆ ਰਹੀ ਹੈ। ਬਹੁਤ ਸਾਰੇ ਲੋਕ ਜਿਨ੍ਹਾਂ ਦੇ ਦੁਰਘਟਨਾਵਾਂ ਜਾਂ ਪੋਲੀਓ ਕਾਰਣ ਅੰਗ ਬੇਕਾਰ ਸਨ, ਜਾਂ ਜਿਹਨਾਂ ਦੀਆਂ ਲੱਤਾਂ ਬਾਹਵਾਂ ਕੱਟ ਹੋ ਗਈਆਂ ਸਨ, ਉਹਨਾਂ ਦੇ ਬਨਾਉਟੀ ਅੰਗ, ਹੱਥ, ਬਾਹਾਂ, ਲੱਤਾਂ ਆਦਿ ਲਵਾ ਕੇ ਉਹਨਾਂ ਨੂੰ ਚੱਲਣ ਫਿਰਨ ਜੋਗੇ ਬਣਾਇਆ ਹੈ। ਸੁਸਾਇਟੀ ਵੱਲੋਂ ਲੋੜਵੰਦਾਂ ਦੀ ਮਦਦ ਦੇ ਇਲਾਵਾ ਸਿੱਖ ਧਰਮ ਦਾ ਪ੍ਰਚਾਰ ਅਤੇ ਗੁਰਮਤਿ ਸਬੰਧੀ ਲਿਟਰੇਚਰ ਵੀ ਛਪਵਾ ਕੇ ਵੰਡਿਆ ਜਾਂਦਾ ਹੈ।

**ਗਰੀਬਾਂ ਦੀ ਮਦਦ ਲਈ ਤੁਸੀਂ ਵੀ ਇਕ ਪੌਂਡ ਤੋਂ ਲੈ ਕਿ ਸਮਰੱਥਾ ਮੁਤਾਬਿਕ ਡੋਨੇਸ਼ਨ ਦੇ ਸਕਦੇ ਹੋ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੀ ਮੈਂਬਰਸ਼ਿੱਪ ਫੀਸ – £100 ਪੌਂਡ ਇਕ ਸਾਲ ਵਾਸਤੇ**

*ਵਿਸ਼ੇਸ਼ ਨੋਟ :– ਆਪਣੇ ਇਲਾਕੇ ਵਿਚ ਕੈਂਪ ਲਗਾਉਣ ਲਈ ਜਾਂ ਕਿਸੇ ਲੋੜਵੰਦ ਦੀ ਮਦਦ ਲਈ ਕੋਈ ਵੀ ਸਾਡੇ ਨਾਲ ਸੰਪਰਕ ਕਰ ਸਕਦਾ ਹੈ। ਜ਼ਰੂਰਤ ਮੁਤਾਬਕ ਸੁਸਾਇਟੀ ਵੱਲੋਂ ਜਰੂਰ ਸਹਾਇਤਾ ਕੀਤੀ ਜਾਵੇਗੀ।*

ਲੋੜਵੰਦਾਂ ਦੀ ਮਦਦ ਅਤੇ ਸਿੱਖੀ ਦੇ ਪ੍ਰਚਾਰ ਲਈ ਦਿਲ ਖੋਹਲ ਕੇ ਦਾਨ ਦਿਓ। ਹਰ ਤਰ੍ਹਾਂ ਦੀ ਜਾਣਕਾਰੀ ਲਈ ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਹੋਰ ਸੇਵਾਦਾਰਾਂ ਨਾਲ ਸੰਪਰਕ ਕਰੋ।

| | | |
|---|---|---|
| ਰਾਜਿੰਦਰ ਸਿੰਘ ਪੁਰੇਵਾਲ<br>ਚੇਅਰਮੈਨ<br>ਪੰਜਾਬ ਟਾਈਮਜ਼<br><br>ਸ: ਰਘਵੀਰ ਸਿੰਘ<br>ਸਿੰਘ ਸਭਾ ਗੁਰਦੁਆਰਾ ਡਰਬੀ<br><br>ਜਰਨੈਲ ਸਿੰਘ ਬੁੱਟਰ ਡਰਬੀ<br><br>ਰਵਿੰਦਰ ਸਿੰਘ ਪਵਾਰ<br>ਮੀਤ ਪ੍ਰਧਾਨ ਗੁਰੂ ਨਾਨਕ<br>ਗੁਰਦੁਆਰਾ ਸਮੈਦਿਕ<br><br>ਭਾਈ ਮਲਕੀਤ ਸਿੰਘ<br>ਨੌਟਿੰਘਮ | ਡਾ: ਗੁਰਿੰਦਰ ਸਿੰਘ ਨੌਟਿੰਘਮ<br><br>ਸੁਰਿੰਦਰ ਸਿੰਘ ਪੁਰੇਵਾਲ<br>ਐਮ.ਬੀ.ਈ ਜਨਰਲ ਸੈਕਟਰੀ<br>ਸਿੱਖ ਮਿਸ਼ਨਰੀ ਸੁਸਾਇਟੀ<br><br>ਸ: ਕੇਸਰ ਸਿੰਘ ਮੰਡ<br>ਜਰਨਲਿਸਟ (ਹੇਜ਼)<br><br>ਭਾਈ ਮੱਖਣ ਸਿੰਘ ਗਲਾਸਗੋ<br><br>ਜਰਨੈਲ ਸਿੰਘ ਰਾਣਾ ਪ੍ਰਧਾਨ<br>ਦਸਮੇਸ਼ ਸਾਹਿਬ ਗੁ: ਲੈਸਟਰ<br><br>ਪਾਲ ਸਿੰਘ ਪੁਰੇਵਾਲ ਕੈਨੇਡਾ | ਜਥੇ: ਬਲਬੀਰ ਸਿੰਘ ਕਾਰਸੇਵਾ<br>ਕਮੇਟੀ ਸਿੱਖ ਗੁਰਧਾਮ ਪਾਕਿਸਤਾਨ<br><br>ਸ: ਬਲਬੀਰ ਸਿੰਘ ਸੰਧੂ<br>ਚੇਅਰਮੈਨ ਆਈ ਸੀ ਸੀ ਡਰਬੀ<br><br>ਸੁਰਜੀਤ ਸਿੰਘ ਅਟਵਾਲ<br>ਚੇਅਰਮੈਨ ਸਿੱਖ ਗੁਰਦੁਆਰਾ<br>ਡਾਰਲਿੰਗਟਨ<br><br>ਜਥੇ: ਮਹਿੰਦਰ ਸਿੰਘ ਖਹਿਰਾ<br>ਗੁ: ਅੰਮ੍ਰਿਤ ਪ੍ਰਚਾਰ ਓਲਡਬਰੀ<br><br>ਕਰਨੈਲ ਸਿੰਘ ਸਵਿਟਜ਼ਰਲੈਂਡ |


**SIKH SEWAK SOCIETY INTERNATIONAL**

24 COTTON BROOK ROAD, DERBY. DE23 8YJ U.K. TEL: 01332-372 851



ਲੇਖਕ– ਸੂਬੇਦਾਰ ਧਰਮ ਸਿੰਘ ਸੁੱਜੋਂ

**Published & Printed by: PANJAB TIMES**
24 Cotton Brook Road • Derby • DE23 8YJ • UK
Tel: 01332-372851 • Fax: 01332-372833
www.panjabtimes.com • email: panjabtimes@aol.com